Prepp
Your Personal Exams Guide

Language Code : **15**

इस पुस्तिका में **16** मुद्रित पृष्ठ हैं।
This booklet contains **16** Printed pages.

# FSC-26-I

**प्रश्न-पत्र-I / PAPER-I**
**पंजाबी भाषा परिशिष्ट**
**Punjabi Language Supplement**
**भाग-IV & V / PART-IV & V**

मुख्य परीक्षा पुस्तिका संख्या / Main Test Booklet No.

मुख्य परीक्षा पुस्तिका कोड / Main Test Booklet Code
**E**

**इस परीक्षा पुस्तिका को तब तक न खोलें जब तक कहा न जाए।**
**Do not open this Test Booklet until you are asked to do so.**
**इस परीक्षा पुस्तिका के पिछले आवरण (पृष्ठ 15 व 16) पर दिए निर्देशों को ध्यान से पढ़ें।**
**Read carefully the Instructions on the Back Cover (Page 15 & 16) of this Test Booklet.**

**पंजाबी में निर्देशों के लिए इस पुस्तिका का पृष्ठ 2 देखें। / FOR INSTRUCTIONS IN PUNJABI SEE PAGE 2 OF THIS BOOKLET.**

## परीक्षार्थियों के लिए निर्देश

1. यह पुस्तिका मुख्य परीक्षा पुस्तिका की एक परिशिष्ट है, उन परीक्षार्थियों के लिए जो **या** तो भाग IV (भाषा I) **या** भाग V (भाषा II) **पंजाबी** भाषा में देना चाहते हैं, लेकिन **दोनों नहीं**।
2. परीक्षार्थी भाग I एवं भाग II **या** III के उत्तर मुख्य परीक्षा पुस्तिका से दें और भाग IV व V के उत्तर उनके द्वारा चुनी भाषाओं से।
3. अंग्रेज़ी व हिन्दी भाषा पर प्रश्न मुख्य परीक्षा पुस्तिका में भाग IV व भाग V के अन्तर्गत दिए गए हैं। भाषा परिशिष्टों को आप अलग से माँग सकते हैं।
4. इस पृष्ठ पर विवरण अंकित करने एवं OMR उत्तर पत्र पर निशान लगाने के लिए **केवल काले/नीले बॉल पॉइंट पेन** का प्रयोग करें।
5. इस भाषा पुस्तिका का **संकेत** है **E**। यह सुनिश्चित कर लें कि इस भाषा परिशिष्ट पुस्तिका का संकेत, OMR उत्तर पत्र के **पृष्ठ-2** एवं मुख्य परीक्षा पुस्तिका पर छपे संकेत से मिलता है। अगर यह भिन्न हो, तो परीक्षार्थी दूसरी भाषा परिशिष्ट परीक्षा पुस्तिका लेने के लिए निरीक्षक को तुरन्त अवगत कराएँ।
6. इस परीक्षा पुस्तिका में **दो** भाग IV और V हैं, जिनमें **60** वस्तुनिष्ठ प्रश्न हैं, जो प्रत्येक 1 अंक का है :
   भाग-IV : भाषा-I (पंजाबी) (प्र. 91 से प्र. 120)
   भाग-V : भाषा-II (पंजाबी) (प्र. 121 से प्र. 150)
7. भाग-IV में भाषा-I के लिए 30 प्रश्न और भाग-V में भाषा-II के लिए 30 प्रश्न दिए गए हैं। इस परीक्षा पुस्तिका में केवल पंजाबी भाषा से संबंधित प्रश्न दिए गए हैं। **यदि भाषा-I और/या भाषा-II में आपके द्वारा चुनी गई भाषा(एँ) पंजाबी के अलावा है तो कृपया उस भाषा वाली परीक्षा पुस्तिका माँग लीजिए। जिन भाषाओं के प्रश्नों के उत्तर आप दे रहे हैं वह आवेदन पत्र में चुनी गई भाषाओं से अवश्य मेल खानी चाहिए।**
8. **परीक्षार्थी भाग-V (भाषा-II) के लिए, भाषा सूची से ऐसी भाषा चुनें जो उनके द्वारा भाषा-I (भाग-IV) में चुनी गई भाषा से भिन्न हो।**
9. रफ कार्य परीक्षा पुस्तिका में इस प्रयोजन के लिए दी गई खाली जगह पर ही करें।
10. सभी उत्तर केवल OMR उत्तर पत्र पर ही अंकित करें। अपने उत्तर ध्यानपूर्वक अंकित करें। उत्तर बदलने हेतु श्वेत रंजक का प्रयोग निषिद्ध है।

## INSTRUCTIONS FOR CANDIDATES

1. This booklet is a supplement to the Main Test Booklet for those candidates who wish to answer **EITHER** Part IV (Language I) **OR** Part V (Language II) in **PUNJABI** language, but **NOT BOTH**.
2. Candidates are required to answer Part I and Part II **OR** III from the Main Test Booklet and Parts IV and V from the languages chosen by them.
3. Questions on English and Hindi languages for Part IV and Part V have been given in the Main Test Booklet. Language Supplements can be asked for separately.
4. Use **Black/Blue Ball Point Pen only** for writing particulars on this page/ marking responses in the OMR Answer Sheet.
5. The CODE for this Language Booklet is **E**. Make sure that the CODE printed on **Side-2** of the OMR Answer Sheet and on your Main Test Booklet is the same as that on this Language Supplement Test Booklet. In case of discrepancy, the candidate should immediately report the matter to the Invigilator for replacement of the Language Supplement Test Booklet.
6. This Test Booklet has **two** Parts, IV and V, consisting of **60** Objective Type Questions, each carrying 1 mark :
   Part-IV : Language-I (Punjabi) (Q. 91 to Q. 120)
   Part-V : Language-II (Punjabi) (Q. 121 to Q. 150)
7. Part-IV contains 30 questions for Language-I and Part-V contains 30 questions for Language-II. In this Test Booklet, only questions pertaining to Punjabi language have been given. **In case the language/s you have opted for as Language-I and/or Language-II is a Language other than Punjabi, please ask for a Test Booklet that contains questions on that language. The language being answered must tally with the languages opted for in your Application Form.**
8. **Candidates are required to attempt questions in Part-V (Language-II) in a language other than the one chosen as Language-I (in Part-IV) from the list of languages.**
9. Rough work should be done only in the space provided in the Test Booklet for the same.
10. The answers are to be recorded on the OMR Answer Sheet only. Mark your responses carefully. No whitener is allowed for changing answers.

परीक्षार्थी का नाम (बड़े अक्षरों में) : ____________________
Name of the Candidate (in Capitals) :

अनुक्रमांक : (अंकों में) / Roll Number : in figures ____________________
: शब्दों में / in words ____________________

परीक्षा केन्द्र (बड़े अक्षरों में) : ____________________
Centre of Examination (in Capitals) :

परीक्षार्थी के हस्ताक्षर : ____________________ निरीक्षक के हस्ताक्षर : ____________________
Candidate's Signature : Invigilator's Signature :

Facsimile Signature Stamp of
Centre Superintendent : ____________________

Prepp
Your Personal Exams Guide

Language Code : **15**

ਇਸ ਪੁਸਤਿਕਾ ਵਿੱਚ 16 ਪੰਨੇ ਹਨ।

# FSC-26-I

ਪੇਪਰ-I

ਪੰਜਾਬੀ ਭਾਸ਼ਾ ਪੂਰਕ

ਭਾਗ IV & V

ਪਰੀਖਿਆ ਪੁਸਤਿਕਾ ਸੰਕੇਤ

**E**

**ਇਸ ਪਰੀਖਿਆ-ਪੁਸਤਿਕਾ ਨੂੰ ਉਦੋਂ ਤੱਕ ਨਾ ਖੋਲ੍ਹੋ ਜਦੋਂ ਤੱਕ ਕਿਹਾ ਨਾ ਜਾਵੇ।**

**ਇਸ ਪਰੀਖਿਆ-ਪੁਸਤਿਕਾ ਦੇ ਪਿੱਛਲੇ ਪੰਨੇ (15 & 16) 'ਤੇ ਦਿੱਤੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ।**

**ਪਰੀਖਿਆਰਥੀਆਂ ਲਈ ਨਿਰਦੇਸ਼ :**

1. ਇਹ ਪੁਸਤਿਕਾ ਮੁੱਖ ਪ੍ਰਸ਼ਨ-ਪੁਸਤਿਕਾ ਦੀ ਇੱਕ ਪੂਰਕ ਹੈ, ਉਨ੍ਹਾਂ ਵਿਦਿਆਰਥੀਆਂ ਲਈ ਜੋ ਜਾਂ ਤਾਂ ਭਾਗ IV (ਭਾਸ਼ਾ I) ਜਾਂ ਭਾਗ V (ਭਾਸ਼ਾ II) ਪੰਜਾਬੀ ਭਾਸ਼ਾ ਵਿੱਚ ਦੇਣਾ ਚਾਹੁੰਦੇ ਹਨ ਪਰ ਦੋਨਾਂ ਵਿੱਚ ਨਹੀਂ।
2. ਪਰੀਖਿਆਰਥੀ ਭਾਗ I, II, III ਦੇ ਉੱਤਰ ਮੁੱਖ ਪਰੀਖਿਆ-ਪੁਸਤਿਕਾ ਵਿੱਚੋਂ ਦੇਣ ਅਤੇ ਭਾਗ IV ਅਤੇ V ਦੇ ਉੱਤਰ ਉਨ੍ਹਾਂ ਦੁਆਰਾ ਚੁਣੀਆਂ ਭਾਸ਼ਾਵਾਂ ਵਿੱਚੋਂ।
3. ਅੰਗਰੇਜ਼ੀ ਅਤੇ ਹਿੰਦੀ ਭਾਸ਼ਾਵਾਂ ਉੱਤੇ ਦਿੱਤੇ ਪ੍ਰਸ਼ਨ ਮੁੱਖ ਪਰੀਖਿਆ-ਪੁਸਤਿਕਾ ਵਿੱਚ ਭਾਗ IV ਅਤੇ ਭਾਗ V ਵਿੱਚ ਦਿੱਤੇ ਗਏ ਹਨ। ਪੂਰਕ ਭਾਸ਼ਾ ਲਈ ਤੁਸੀਂ ਅਲਗ ਤੋਂ ਮੰਗ ਸਕਦੇ ਹੋ।
4. ਇਸ ਪੰਨੇ ਉੱਤੇ ਵਿਵਰਨ ਦੇਣ ਲਈ ਅਤੇ OMR ਉੱਤਰ-ਪੱਤਰ 'ਤੇ ਨਿਸ਼ਾਨ ਲਗਾਉਣ **ਲਈ ਕੇਵਲ ਕਾਲਾ/ਨੀਲੇ ਬਾਲ ਪੁਆਇੰਟ ਪੈੱਨ** ਦਾ ਹੀ ਇਸਤੇਮਾਲ ਕਰੋ।
5. ਇਸ ਭਾਸ਼ਾ-ਪੁਸਤਿਕਾ ਦਾ ਸੰਕੇਤ ਹੈ **E**. ਇਹ ਗੱਲ ਨਿਸ਼ਚਿਤ ਕਰ ਲਓ ਕਿ ਇਸ ਪੂਰਕ ਭਾਸ਼ਾ-ਪੁਸਤਿਕਾ ਦਾ ਸੰਕੇਤ, OMR ਉੱਤਰ-ਪੱਤਰ ਦੇ ਪੰਨਾ-2 ਅਤੇ ਮੁੱਖ ਪਰੀਖਿਆ-ਪੁਸਤਿਕਾ ਉੱਤੇ ਛਪੇ ਸੰਕੇਤ ਨਾਲ ਮਿਲਦਾ ਹੈ। ਜੇ ਕਿਤੇ ਕੋਈ ਫ਼ਰਕ ਹੈ ਤਾਂ ਪਰੀਖਿਆਰਥੀ ਪੂਰਕ-ਭਾਸ਼ਾ ਦੀ ਦੂਜੀ ਪਰੀਖਿਆ-ਪੁਸਤਿਕਾ ਲੈਣ ਲਈ ਤੁਰੰਤ ਨਿਰੀਖਿਅਕ ਨੂੰ ਸੂਚਿਤ ਕਰੋ ।
6. ਇਸ ਪਰੀਖਿਆ-ਪੁਸਤਿਕਾ ਵਿੱਚ ਦੋ ਭਾਗ IV ਅਤੇ V ਹਨ, ਜਿਸ ਵਿੱਚ 60 ਵਸਤੂਨਿਸ਼ਠ ਪ੍ਰਸ਼ਨ ਹਨ, ਹਰੇਕ ਲਈ 1 (ਇੱਕ) ਅੰਕ ਹੈ:
   ਭਾਗ IV : ਭਾਸ਼ਾ I - (ਪੰਜਾਬੀ) (ਪ੍ਰ. 91 ਤੋਂ ਪ੍ਰ. 120)
   ਭਾਗ V : ਭਾਸ਼ਾ II - (ਪੰਜਾਬੀ) (ਪ੍ਰ. 121 ਤੋਂ ਪ੍ਰ. 150)
7. ਭਾਗ IV ਵਿੱਚ ਭਾਸ਼ਾ I ਵਾਸਤੇ 30 ਪ੍ਰਸ਼ਨ ਅਤੇ ਭਾਗ V ਵਿੱਚ ਭਾਸ਼ਾ II ਲਈ ਵੀ 30 ਪ੍ਰਸ਼ਨ ਦਿੱਤੇ ਗਏ ਹਨ। ਇਸ ਪਰੀਖਿਆ-ਪੁਸਤਿਕਾ ਵਿੱਚ ਕੇਵਲ ਪੰਜਾਬੀ ਭਾਸ਼ਾ ਨਾਲ ਸੰਬੰਧਿਤ ਪ੍ਰਸ਼ਨ ਦਿੱਤੇ ਗਏ ਹਨ। **ਅਗਰ ਭਾਸ਼ਾ I ਅਤੇ/ਜਾਂ II ਵਿੱਚ ਤੁਹਾਡੇ ਦੁਆਰਾ ਚੁਣੀ ਗਈ ਭਾਸ਼ਾ (ਵਾਂ) ਪੰਜਾਬੀ ਤੋਂ ਇਲਾਵਾ ਹੈ ਤਾਂ ਕਿਰਪਾ ਕਰਕੇ ਆਪਣੀ ਚੁਣੀ ਭਾਸ਼ਾ ਵਾਲੀ ਪਰੀਖਿਆ-ਪੁਸਤਿਕਾ ਮੰਗ ਲਓ । ਜਿਨ੍ਹਾਂ ਭਾਸ਼ਾਵਾਂ ਦੇ ਪ੍ਰਸ਼ਨਾਂ ਦੇ ਉੱਤਰ ਤੁਸੀਂ ਦੇ ਰਹੇ ਹੋ, ਉਹ ਤੁਹਾਡੇ ਆਵੇਦਨ ਪੱਤਰ ਵਿੱਚ ਚੁਣੀਆਂ ਗਈਆਂ ਭਾਸ਼ਾਵਾਂ ਹੀ ਹੋਣੀਆਂ ਚਾਹੀਦੀਆਂ ਹਨ।**
8. **ਪਰੀਖਿਆਰਥੀ ਭਾਗ V (ਭਾਸ਼ਾ II) ਲਈ, ਭਾਸ਼ਾ ਸੂਚੀ ਵਿੱਚੋਂ ਅਜਿਹੀ ਭਾਸ਼ਾ ਚੁਣੋ ਜੋ ਉਨ੍ਹਾਂ ਦੁਆਰਾ ਚੁਣੀ ਭਾਸ਼ਾ I (ਭਾਗ IV) ਵਿੱਚ ਚੁਣੀ ਗਈ ਭਾਸ਼ਾ ਤੋਂ ਵੱਖਰੀ ਹੋਵੇ।**
9. ਪ੍ਰਸ਼ਨ-ਪੁਸਤਿਕਾ ਵਿੱਚ ਦਿੱਤੇ ਗਏ ਕੱਚੇ ਕੰਮ ਲਈ ਖਾਲੀ ਥਾਂ ਵਿੱਚ ਹੀ ਕੱਚਾ ਕੰਮ ਕਰੋ।
10. ਸਾਰੇ ਉੱਤਰ ਕੇਵਲ ਓ.ਐੱਮ, ਆਰ. (OMR) ਉੱਤਰ ਪੱਤਰ ਉੱਤੇ ਹੀ ਕੀਤੇ ਜਾਣ। ਆਪਣੇ ਉੱਤਰਾਂ 'ਤੇ ਧਿਆਨ ਨਾਲ ਨਿਸ਼ਾਨ ਲਗਾਓ। ਉੱਤਰ ਬਦਲਣ ਲਈ ਸਫ਼ੇਦ ਸਿਆਹੀ ਦੀ ਵਰਤੋਂ ਵਰਜਿਤ ਹੈ।

ਪਰੀਖਿਆਰਥੀ ਦਾ ਨਾਂ (ਵੱਡੇ ਅੱਖਰਾਂ ਵਿੱਚ) : ____________________

ਰੋਲ ਨੰਬਰ : ਅੰਕਾਂ ਵਿੱਚ ____________________

: ਸ਼ਬਦਾਂ ਵਿੱਚ ____________________

ਪਰੀਖਿਆ ਕੇਂਦਰ (ਵੱਡੇ ਅੱਖਰਾਂ ਵਿੱਚ): ____________________

ਪਰੀਖਿਆਰਥੀ ਦੇ ਦਸਤਖ਼ਤ : ______________ ਨਿਰੀਖਿਅਕ ਦੇ ਦਸਤਖ਼ਤ : ______________

Facsimile signature stamp of
Centre Superintendent : ____________________

ਉਮੀਦਵਾਰ **ਭਾਗ–IV** ਦੇ ਪ੍ਰਸ਼ਨ **(ਪ੍ਰ.ਨੰ. 91-120)** ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ **ਪੰਜਾਬੀ ਭਾਸ਼ਾ–I** ਚੋਣ ਕੀਤੀ ਹੈ।

Candidates should attempt the questions from **Part-IV (Q.No. 91-120)**, if they have opted **PUNJABI** as **Language-I** only.

Prepp
Your Personal Exams Guide

# PART-IV
## LANGUAGE-I
## PUNJABI

ਉਮੀਦਵਾਰ **ਭਾਗ-IV** ਦੇ ਪ੍ਰਸ਼ਨ **(ਪ੍ਰ.ਨੰ. 91-120)** ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ **ਪੰਜਾਬੀ ਭਾਸ਼ਾ-I** ਚੋਣ ਕੀਤੀ ਹੈ।

**ਨਿਰਦੇਸ਼ : ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ 91-99 ਦੇ ਉੱਤਰ ਢੁਕਵੇਂ ਵਿਕਲਪਾਂ ਨਾਲ ਦਿਓ :**

ਬਲਵੰਤ ਗਾਰਗੀ (4.12.1916 ਤੋਂ 21.4.2003) - ਬਲਵੰਤ ਗਾਰਗੀ ਨੂੰ ਵਧੇਰੇ ਕਰਕੇ ਪੂਰੇ ਨਾਟਕਾਂ ਦੇ ਲੇਖਕ ਵਜੋਂ ਜਾਣਿਆ ਜਾਂਦਾ ਹੈ। ਉਸਨੇ ਇਸ ਕਾਲ ਵਿੱਚ ਬੇਬੇ ਤੇ ਕੁਆਰੀ ਟੀਸੀ, ਇਕਾਂਗੀਆਂ ਦੇ ਦੋ ਸੰਗ੍ਰਹਿ ਦਿੱਤੇ ਹਨ। ਉਸਦੀ ਸਫ਼ਲਤਾ ਨਰੋਏ ਵਿਸ਼ੇ-ਵਸਤੂ ਦੀ ਚੋਣ ਅਤੇ ਸਟੇਜ ਦੇ ਨਿਕਟ ਹੋਣ ਕਰਕੇ ਹੈ। ਬੇਬੇ, ਗਿਰਝਾਂ ਤੇ ਕੁਆਰੀ ਟੀਸੀ ਵਧੀਆ ਇਕਾਂਗੀ ਹਨ। ਗਾਰਗੀ ਦੇ ਨਾਟਕ ਆਪਣੇ ਵਿਚਲੇ ਚਿੰਨ੍ਹਵਾਦ ਦੇ ਦ੍ਰਿਸ਼-ਪਿਛੋਕੜ ਦੀ ਰੁਮਾਂਟਿਕ ਵਿਸ਼ੇਸ਼ਤਾ ਕਾਰਨ ਬੜੇ ਵਿਲੱਖਣ ਹਨ। ਦੁਖਾਂਤ ਦੇ ਰੰਗ ਨੂੰ ਉਹ ਬੜੀ ਸਫ਼ਲਤਾ ਨਾਲ ਉਘਾੜਦਾ ਹੈ। ਗਿਰਝਾਂ ਵਿੱਚ ਉਸ ਨੇ ਬੰਗਾਲ ਵਿੱਚ ਪਈ ਭੁੱਖ-ਮਰੀ ਦਾ ਬੜਾ ਕਰੁਣਾਮਈ ਚਿੱਤਰ ਪ੍ਰਸੁਤਤ ਕੀਤਾ ਹੈ। ਪੰਜਾਬੀ ਨਾਟਕ ਵਿੱਚ ਪਹਿਲੀ ਵਾਰ ਦੁਖਾਂਤ ਨੂੰ ਇੰਨੀ ਸਫਲਤਾ ਨਾਲ ਨਿਭਾਇਆ ਗਿਆ ਹੈ।

ਕਰਤਾਰ ਸਿੰਘ ਦੁੱਗਲ (ਜਨਮ 1.3.1917 ਤੋਂ 26.1.2012) - ਦੁੱਗਲ ਦੀ ਪੁਸਤਕ 'ਇੱਕ ਸਿਫ਼ਰ-ਸਿਫ਼ਰ' ਵਿਚ ਛਣਕਾਰ, ਵੀਹ ਵਰ੍ਹੇ ਬਾਅਦ ਤੇ ਪੋਠੋਹਾਰਨ ਉਸ ਦੇ ਵਧੀਆ ਇਕਾਂਗੀ ਹਨ। ਆਪਣੇ ਕਾਵਿ-ਨਾਟਕਾਂ ਵਿਚ ਦੁੱਗਲ ਬਹੁਤਾ ਸਫਲ ਨਹੀਂ ਰਿਹਾ। ਉਸ ਦੀ ਕਵਿਤਾ ਫੁਸਫੁਸੀ 'ਤੇ ਢਿੱਲੀ ਹੈ। ਪਿਛੋਕੜ ਬੰਨ੍ਹਣ ਵਿਚ ਉਹ ਕਾਫ਼ੀ ਬੇਲੋੜੇ ਵਿਸਥਾਰ ਵਿਚ ਚਲਿਆ ਜਾਂਦਾ ਹੈ। ਫ਼ੈਜ਼ ਦਾ ਇਹ ਕਹਿਣਾ ਹੈ ਕਿ ਉਸ ਵਿਚ ਨਜ਼ਾਕਤ ਵੀ ਹੈ ਅਤੇ ਤਾਕਤ ਵੀ, ਕੁਝ ਉਲਾਰ ਜਾਪਦਾ ਹੈ। ਨਜ਼ਾਕਤ ਉਸ ਵਿਚ ਹਰ ਥਾਂ ਹੁੰਦੀ ਹੈ ਅਤੇ ਤਾਕਤ ਕਿਤੇ -ਕਿਤੇ ਅਤੇ ਜਿਥੇ ਇਹ ਦੋਵੇਂ ਮਿਲ ਜਾਣ ਉਥੇ ਉਹ ਵਧੀਆ ਨਾਟਕ ਰਚ ਲੈਂਦਾ ਹੈ। 'ਔਹ ਗਏ ਸਾਜਨ ਔਹ ਗਏ' ਨਾਂ ਦੇ ਸੰਗ੍ਰਹਿ ਵਿਚ ਉਸਦੇ ਰੇਡੀਓ ਨਾਟਕ ਹਨ।

ਗੁਰਬਖ਼ਸ਼ ਸਿੰਘ ਪ੍ਰੀਤਲੜੀ (26.4.1895 ਤੋਂ 20.8.1977)- ਇਸ ਦਾ ਇਕਾਂਗੀ 'ਪ੍ਰੀਤ ਮੁਕਟ' ਰੋਮਾਂਟਿਕ ਦ੍ਰਿਸ਼ਟੀ ਤੋਂ ਲਿਖਿਆ ਗਿਆ ਹੈ ਅਤੇ ਬਣਤਰ ਵਜੋਂ ਭਾਵੇਂ ਇਸ ਨੂੰ ਇਕਾਂਗੀ ਨਾ ਵੀ ਕਿਹਾ ਜਾਵੇ, ਵਸਤੂ ਵਜੋਂ ਇਹ ਮਹਾਨ ਕ੍ਰਿਤ ਹੈ। 'ਪੂਰਬ ਪੱਛਮ' ਇਸ ਦਾ ਇੱਕ ਹੋਰ ਇਕਾਂਗੀ ਹੈ , ਜਿਸ ਵਿਚ ਵੀ ਬਣਤਰ ਦਾ ਨੁਕਸ ਹੈ। 'ਸਾਡੀ ਹੋਣੀ ਦਾ ਲਿਸ਼ਕਾਰਾ' ਵਿਚ ਇਕ ਲੇਖਕ ਸਮਾਜਿਕ ਦ੍ਰਿਸ਼ਟੀ ਨੂੰ ਅਪਣਾਉਂਦਾ ਹੈ ਅਤੇ ਸ਼੍ਰੇਣੀ-ਯੁੱਧ ਦਾ ਸਪਸ਼ਟ ਰੂਪ ਵਿਚ ਵਰਣਨ ਕਰਦਾ ਹੈ।

**91.** ਕਿਹੜਾ ਨਾਟਕਕਾਰ ਦੁਖਾਂਤ ਨੂੰ ਪੇਸ਼ ਕਰਨ ਵਿੱਚ ਵਧੇਰੇ ਸਫ਼ਲ ਹੈ ?
(1) ਸੰਤ ਸਿੰਘ ਸੇਖੋਂ (2) ਬਲਵੰਤ ਗਾਰਗੀ (3) ਮੋਹਨ ਸਿੰਘ (4) ਹਰਚਰਨ ਸਿੰਘ

**92.** 'ਬੇਲੋੜੇ' ਦਾ ਸਮਾਨਾਰਥ ਸ਼ਬਦ ਚੁਣੋ :
(1) ਗ਼ੈਰ-ਜ਼ਰੂਰੀ (2) ਚਾਹੀਦਾ (3) ਲੋੜੀਂਦਾ (4) ਜ਼ਰੂਰੀ

**93.** ਕਿਹੜੇ ਇਕਾਂਗੀ ਵਿੱਚ ਬੰਗਾਲ ਦਾ ਦੁਖਾਂਤ ਪੇਸ਼ ਹੋਇਆ ਹੈ ?
(1) ਗਿਰਝਾਂ (2) ਇੱਕ ਸਿਫ਼ਰ ਸਿਫ਼ਰ (3) ਬੇਬੇ (4) ਕੁਆਰੀ ਟੀਸੀ

**94.** ਕਿਹੜਾ ਇਕਾਂਗੀ ਦੁੱਗਲ ਦੇ ਵਧੀਆ ਇਕਾਂਗੀਆਂ ਵਿਚ ਸ਼ਾਮਲ ਨਹੀਂ ?
(1) ਇੱਕ ਸਿਫ਼ਰ ਸਿਫ਼ਰ (2) ਪੋਠੋਹਾਰਨ (3) ਛਣਕਾਰ (4) ਸਾਂਝਾ ਰਾਜਾ

**95.** ਕਰਤਾਰ ਸਿੰਘ ਦੁੱਗਲ ਨੇ ਕਿਹੜੇ ਸੰਗ੍ਰਹਿ ਵਿੱਚ ਆਪਣੇ ਰੇਡੀਓ ਨਾਟਕ ਸ਼ਾਮਲ ਕੀਤੇ ਹਨ ?
(1) ਛਣਕਾਰ (2) ਔਹ ਗਏ ਸਾਜਨ ਔਹ ਗਏ
(3) ਵੀਹ ਵਰ੍ਹੇ ਬਾਅਦ (4) ਇੱਕ ਸਿਫ਼ਰ ਸਿਫ਼ਰ

96. 'ਬੇਬੇ' ਕਿਸ ਦਾ ਇਕਾਂਗੀ ਹੈ ?

(1) ਗੁਰਬਖ਼ਸ਼ ਸਿੰਘ ਪ੍ਰੀਤਲੜੀ (2) ਸੰਤ ਇੰਦਰ ਸਿੰਘ ਚੱਕਰਵਰਤੀ
(3) ਕਰਤਾਰ ਸਿੰਘ ਦੁੱਗਲ (4) ਬਲਵੰਤ ਗਾਰਗੀ

97. ਪੈਰੇ ਅਨੁਸਾਰ ਕਿਹੜੇ ਇਕਾਂਗੀ ਦੀ ਬਣਤਰ ਵਿੱਚ ਨੁਕਸ ਹੈ ?

(1) ਪੂਰਬ ਪੱਛਮ (2) ਛਣਕਾਰ (3) ਇੱਕ ਸਿਫ਼ਰ ਸਿਫ਼ਰ (4) ਕੁਆਰੀ ਟੀਸੀ

98. ਕਰਤਾਰ ਸਿੰਘ ਦੁੱਗਲ ਵਿੱਚ ਕਿਸ ਨੂੰ ਉਲਾਰ ਨਜ਼ਰ ਆਉਂਦਾ ਹੈ ?

(1) ਗੁਰਬਖ਼ਸ਼ ਸਿੰਘ ਪ੍ਰੀਤਲੜੀ (2) ਸੰਤ ਸਿੰਘ ਸੇਖੋਂ
(3) ਫ਼ੈਜ਼ (4) ਬਲਵੰਤ ਗਾਰਗੀ

99. ਹੇਠ ਲਿਖਿਆਂ ਵਿੱਚੋਂ ਸਮਾਸੀ ਸ਼ਬਦ ਚੁਣੋ :

(1) ਬੇਲੋੜੇ-ਵਿਸਥਾਰ (2) ਵਧੀਆ ਇਕਾਂਗੀ (3) ਕਾਵਿ-ਨਾਟਕ (4) ਲਿਖਿਆ-ਗਿਆ

**ਨਿਰਦੇਸ਼ : ਹੇਠ ਲਿਖੀ ਕਾਵਿ-ਟੁਕੜੀ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ (100-105) ਦੇ ਉੱਤਰ ਢੁਕਵੇਂ ਵਿਕਲਪਾਂ ਨਾਲ ਦਿਓ :**

ਨਾਉਂ ਦਮੋਦਰ ਜਾਤ ਗੁਲ੍ਹਾਟੀ, ਆਇਆ ਸਿੱਕ ਸਿਆਲੀ ।
ਆਪਣੇ ਮਨ ਵਿਚ ਮਸਲਤ ਕੀਤੀ, ਬਹਿ ਕੇ ਇਥਾਈਂ ਜਾਲੀ ।
ਵੜਿਆ ਵੰਝ ਚੂਚਕ ਦੇ ਸ਼ਹਿਰੇ, ਜਿੱਥੇ ਸਿਆਲ ਅਬਦਾਲੀ ।
ਦੇਖ ਦਮੋਦਰ ਖ਼ੁਸ਼ੀ ਹੋਈ ਉਸ, ਵੇਖ ਉਨ੍ਹਾਂ ਦੀ ਚਾਲੀ ।
ਉੱਥੇ ਕੀਤਾ ਰਹਿਣ ਦਮੋਦਰ, ਉਸ ਵਸਤੀ ਖ਼ੁਸ਼ ਆਈ ।
ਚੂਚਕ ਨੂੰ ਜੋ ਵੰਝ ਮਿਲਿਆ ਸੇ, ਨਾਲੇ ਕੁੰਦੀ ਤਾਈ ।
ਚੂਚਕ ਬਹੁੰ ਦਿਲਾਸਾ ਦਿੱਤਾ, ਤਾਂ ਦਿਲਗੀਰੀ ਲਾਹੀ ।
ਆਖ ਦਮੋਦਰ ਹੋਇਆ ਦਿਲਾਸਾ, ਤਾਂ ਹੱਟੀ ਉਥੇ ਪਾਈ ।

100. 'ਦਿਲਗੀਰੀ' ਸ਼ਬਦ ਦਾ ਕੀ ਭਾਵ ਹੈ ?

(1) ਉਦਾਸੀ (2) ਪ੍ਰਸੰਨਤਾ (3) ਖ਼ੁਸ਼ੀ (4) ਖੇੜਾ

101. ਦਮੋਦਰ ਦਾ ਝੰਗ-ਸਿਆਲ ਆਉਣ ਦਾ ਮਕਸਦ ਕੀ ਸੀ ?

(1) ਕੁੰਦੀ ਤਾਈ ਦਾ ਉਧਾਰ ਵਾਪਸ ਕਰਨਾ (2) ਰੁਜ਼ਗਾਰ
(3) ਹੀਰ ਨਾਲ ਵਿਆਹ ਕਰਾਉਣਾ (4) ਚੂਚਕ ਦਾ ਕਰਜ਼ਾ ਉਤਾਰਨਾ

102. ਦਮੋਦਰ ਨੇ ਝੰਗ ਸਿਆਲ ਵਿੱਚ ਕਿਹੜਾ ਕੰਮ ਸ਼ੁਰੂ ਕੀਤਾ ?

(1) ਜਾਲੀਆਂ ਬਣਾਉਣ ਲੱਗਾ (2) ਚਾਲੀਆਂ ਬਣਾਉਣ ਲੱਗਾ
(3) ਦੁਕਾਨਦਾਰੀ ਕਰਨ ਲੱਗਾ (4) ਵੰਝ ਉਗਾਉਣ ਲੱਗਾ

103. ਉਪਰੋਕਤ ਕਾਵਿ-ਟੁੱਕੜੀ ਦਾ ਕਿੱਸਾਕਾਰ ਕੌਣ ਹੈ ?

(1) ਦਮੋਦਰ (2) ਮੌਲਾ ਬਖ਼ਸ਼ ਕੁਸ਼ਤਾ (3) ਜੋਗਾ ਸਿੰਘ (4) ਮੁਕਬਲ

Prepp
Your Personal Exams Guide

**104.** 'ਖ਼ੁਸ਼ੀ' ਦਾ ਵਿਰੋਧੀ ਸ਼ਬਦ ਚੁਣੋ :

(1) ਆਨੰਦ (2) ਉਲਾਸ (3) ਪ੍ਰਸੰਨ (4) ਉਦਾਸੀ

**105.** ਕਿਸਦੇ ਕਹਿਣ ਉੱਤੇ ਦਮੋਦਰ ਝੰਗ ਸਿਆਲ ਟਿਕ ਗਿਆ ?

(1) ਕੁੰਦੀ (2) ਦਮੋਦਰ (3) ਗੁਲਾਟੀ (4) ਚੂਚਕ

**106.** ਭਾਸ਼ਾ ਦਾ ਇੱਕ ਅਧਿਆਪਕ ਵਿਦਿਆਰਥੀਆਂ ਦੀ ਸਿਖਲਾਈ ਦੀਆਂ ਸ਼ੈਲੀਆਂ ਅਤੇ ਪ੍ਰਾਥਮਿਕਤਾਵਾਂ ਦਾ ਹੋਰ ਪਤਾ ਲਗਾਉਣ ਲਈ ਉਨ੍ਹਾਂ ਨੂੰ ਇੱਕ ਪ੍ਰਸ਼ਨ-ਉੱਤਰ ਦਿੰਦਾ ਹੈ । ਇਥੇ ਅਧਿਆਪਕ __________ ਦੀ ਭੂਮਿਕਾ ਵਿੱਚ ਹੈ :

(1) ਮਾਹਿਰ ਦੀ ਸੂਚਨਾ ਪ੍ਰਦਾਨ ਕਰਨ (2) ਡਾਇਗਨੋਸਟੀਸ਼ਨ

(3) ਮੈਨੇਜਰ (4) ਪਲੈਨਰ

**107.** **ਕਥਨ (A) :** ਜਮਾਤ ਵਿਚਲੇ ਸਿਖਲਾਈ ਅਨੁਭਵ ਗੰਭੀਰ ਰੂਪ ਵਿੱਚ ਬੱਚਿਆਂ ਦੇ ਜੀਵਨ ਅਤੇ ਉਨ੍ਹਾਂ ਦੇ ਸੰਦਰਭਾਂ ਨਾਲ ਸੰਬੰਧਤ ਹੁੰਦੇ ਹਨ ।

**ਕਾਰਨ (R) :** ਸਿਖਲਾਈ ਅਨੁਭਵ ਬੱਚਿਆਂ ਦੀ ਪੂਰਬਲੀ ਸਮਝ ਬਣਾਉਣ ਲਈ ਕੀਤੇ ਜਾਂਦੇ ਹਨ ।

ਹੇਠ ਲਿਖੇ ਵਿਕਲਪਾਂ ਵਿੱਚੋਂ ਢੁਕਵਾਂ ਉੱਤਰ ਚੁਣੋ :

(1) **(A)** ਸਹੀ ਹੈ, ਪਰ **(R)** ਗ਼ਲਤ ਹੈ ।

(2) **(A)** ਗਲਤ ਹੈ, ਪਰ **(R)** ਸਹੀ ਹੈ ।

(3) **(A)** ਤੇ **(R)** ਦੋਵੇਂ ਸਹੀ ਹਨ, ਅਤੇ **(R)**, **(A)** ਦੀ ਸਹੀ ਵਿਆਖਿਆ ਹੈ ।

(4) **(A)** ਤੇ **(R)** ਦੋਵੇਂ ਸਹੀ ਹਨ, ਪਰ **(R)**, **(A)** ਦੀ ਸਹੀ ਵਿਆਖਿਆ ਨਹੀਂ ਹੈ ।

**108.** ਹੇਠ ਲਿਖਿਆਂ ਵਿੱਚੋਂ ਕਿਹੜਾ ਇੱਕ ਭਾਸ਼ਾ ਦੀ ਸਿਖਲਾਈ ਬਾਰੇ ਸਹੀ ਨਹੀਂ ਹੈ ?

(1) ਭਾਸ਼ਾ ਦਾ ਸਿਖਲਾਈ ਅਰਥ ਨਿਰਮਾਣ ਹੈ ।

(2) ਇੱਕ ਭਾਸ਼ਾ ਸਿੱਖਣ ਲਈ ਵਿਆਕਰਨ ਦੀ ਸਿਖਲਾਈ ਲਾਜ਼ਮੀ ਹੈ ।

(3) ਸਾਰੇ ਸਿਖਿਆਰਥੀ ਇੱਕ ਭਾਸ਼ਾ ਨੂੰ ਅਸਾਨੀ ਨਾਲ ਸਿੱਖ ਸਕਦੇ ਹਨ, ਜੇਕਰ ਉਨ੍ਹਾਂ ਨੂੰ ਲੋੜ ਅਨੁਸਾਰ ਭਾਸ਼ਾ ਨਾਲ ਜੋੜ ਕੇ ਰੱਖਿਆ ਜਾਵੇ ।

(4) ਭਾਸ਼ਾ ਦਾ ਸਿਖਲਾਈ ਲਈ ਸਮਾਂ ਲਗਦਾ ਹੈ ।

**109.** **ਕਥਨ (A) :** ਭਾਸ਼ਾ ਸੱਭਿਆਚਾਰਕ ਚੇਤਨਾ ਅਤੇ ਪ੍ਰਗਟਾਵੇ ਦਾ ਇੱਕ ਆਲੋਚਨਾਤਮਕ ਪੱਖ ਬਣਾਉਂਦੀ ਹੈ, ਜਿਸ ਨੂੰ ਬੱਚਿਆਂ ਅੰਦਰ ਵੱਡੀਆਂ ਯੋਗਤਾਵਾਂ ਵਿੱਚੋਂ ਮੰਨਿਆ ਜਾਂਦਾ ਹੈ ।

**ਕਾਰਨ (R) :** ਸੱਭਿਆਚਾਰਕ ਚੇਤਨਾ ਅਤੇ ਪ੍ਰਗਟਾਵੇ ਦੀਆਂ ਯੋਗਤਾਵਾਂ ਬੱਚਿਆਂ ਨੂੰ ਸ਼ਨਾਖ਼ਤ ਤੇ ਆਪਣੇਪਨ ਦੀ ਸਮਝ ਦੇ ਨਾਲ-ਨਾਲ ਹੋਰਨਾਂ ਸੱਭਿਆਚਾਰਾਂ ਅਤੇ ਪਛਾਣਾਂ ਦੀ ਪ੍ਰਸੰਸਾ ਕਰਨ ਦੀ ਸੋਝੀ ਦਿੰਦੀਆਂ ਹਨ ।

ਹੇਠ ਦਿੱਤੇ ਵਿਕਲਪਾਂ ਵਿੱਚੋਂ ਢੁਕਵੇਂ ਉਤਰ ਦੀ ਚੋਣ ਕਰੋ :

(1) **(A)** ਸਹੀ ਹੈ, ਪਰ **(R)** ਗ਼ਲਤ ਹੈ ।

(2) **(A)** ਗ਼ਲਤ ਹੈ, ਪਰ **(R)** ਸਹੀ ਹੈ ।

(3) **(A)** ਤੇ **(R)** ਦੋਵੇਂ ਸਹੀ ਹਨ, ਅਤੇ **(R)**, **(A)** ਦੀ ਸਹੀ ਵਿਆਖਿਆ ਹੈ ।

(4) **(A)** ਤੇ **(R)** ਦੋਵੇਂ ਸਹੀ ਹਨ, ਅਤੇ **(R)**, **(A)** ਦੀ ਸਹੀ ਵਿਆਖਿਆ ਨਹੀਂ ਹੈ ।

Prepp
Your Personal Exams Guide

**110.** **ਕਥਨ (A) :** ਇੱਕ ਵਿਦਿਆਰਥੀ ਦਾ ਪੋਰਟਫੋਲੀਓ ਉਸ ਦੇ ਕੰਮ ਦੇ ਹਿੱਸਿਆਂ ਦਾ ਇੱਕ ਮਕਸਦ ਭਰਪੂਰ ਇੱਕਤਰੀਕਰਨ ਹੈ ।

**ਕਾਰਨ (R) :** ਪੋਰਟਫੋਲੀਓ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਸ਼ਕਤੀਆਂ ਅਤੇ ਕਮਜ਼ੋਰੀਆਂ ਦਾ ਆਂਕਲਨ ਕਰਨ ਲਈ ਉਤਸ਼ਾਹਿਤ ਕਰਦਾ ਹੈ ।

ਹੇਠ ਲਿਖੇ ਵਿਕਲਪਾਂ ਵਿੱਚੋਂ ਢੁੱਕਵਾਂ ਵਿਕਲਪ ਚੁਣੋ :

(1) **(A)** ਸਹੀ ਹੈ, ਪਰ **(R)** ਗ਼ਲਤ ਹੈ ।

(2) **(A)** ਗਲਤ ਹੈ, ਪਰ **(R)** ਸਹੀ ਹੈ ।

(3) **(A)** ਤੇ **(R)** ਦੋਵੇਂ ਸਹੀ ਹਨ, ਅਤੇ **(R)**, **(A)** ਦੀ ਸਹੀ ਵਿਆਖਿਆ ਹੈ ।

(4) **(A)** ਤੇ **(R)** ਦੋਵੇਂ ਸਹੀ ਹਨ, ਪਰ **(R)**, **(A)** ਦੀ ਸਹੀ ਵਿਆਖਿਆ ਨਹੀਂ ਹੈ ।

**111.** ਪਾਠ-ਪੁਸਤਕਾਂ ਵਿੱਚ ਕਹਾਣੀਆਂ, ਕਵਿਤਾਵਾਂ, ਨਾਟਕ ਅਤੇ ਲੇਖਕਾਂ ਵੱਲੋਂ ਲਿਖੀਆਂ ਹੋਰ ਲਿਖਤਾਂ ਹੁੰਦੀਆਂ ਹਨ । ਸਾਨੂੰ ਅਜਿਹੀ ਸਮੱਗਰੀ ਚੁਣਨ ਦੀ ਲੋੜ ਹੈ ਕਿਉਂਕਿ ਉਹ :

(1) ਪ੍ਰਸਿੱਧ ਲੇਖਕਾਂ ਵੱਲੋਂ ਲਿਖੀ ਹੁੰਦੀ ਹੈ ।

(2) ਸਾਧਾਰਨ ਭਾਸ਼ਾ ਵਿੱਚ ਹੁੰਦੀ ਹੈ ।

(3) ਪ੍ਰਮਾਣਿਕ ਤੇ ਸੁਭਾਵਿਕ ਭਾਸ਼ਾ ਵਿਚ ਹੁੰਦੀ ਹੈ ।

(4) ਪਾਠ-ਪੁਸਤਕਾਂ ਵਿੱਚ ਵਰਤਣ ਦੇ ਮਕਸਦ ਨਾਲ ਲਿਖੀ ਜਾਂਦੀ ਹੈ ।

**112.** ਹੇਠ ਲਿਖਿਆਂ ਵਿੱਚੋਂ ਕਿਹੜਾ ਪੜ੍ਹਤ ਦਾ ਇੱਕ ਉਪ-ਕੌਸ਼ਲ ਨਹੀਂ ਹੈ ?

(1) ਲੋੜੀਂਦੀ ਵਿਸ਼ੇਸ਼ ਸੂਚਨਾ ਦਾ ਪਤਾ ਲਗਾਉਣ ਲਈ ਸਕੈਨਿੰਗ

(2) ਹਰੇਕ ਸ਼ਬਦ ਦੇ ਅੱਖਰਾਂ ਨੂੰ ਜਾਣਨਾ

(3) ਸ਼ਬਦਾਵਲੀ ਦੀ ਪਛਾਣ ਅਤੇ ਮੁੱਖ ਸ਼ਬਦਾਂ ਨੂੰ ਚੁਣਨਾ

(4) ਅਰਥ ਦਾ ਅਨੁਮਾਨ ਲਗਾਉਣਾ ਅਤੇ ਅਣਪਛਾਤੀਆਂ ਕੋਸ਼ਗਤ ਮਦਾਂ ਦੀ ਵਰਤੋਂ

**113.** ਭਾਸ਼ਾ ਦੇ ਵਿਕਾਸ ਦੀ ਗਿਆਨ ਵਿਧੀ ਸਮੱਰਥਣ ਕਰਦੀ ਹੈ ਕਿ ਭਾਸ਼ਾ ਹੈ :

(1) ਸਮਾਜ ਦੇ ਅੰਦਰ ਵਾਰਤਾਲਾਪ ਰਾਹੀਂ ਸਿੱਖਿਆ ਹੋਇਆ

(2) ਬੱਚੇ ਦਾ ਸੰਕਲਪ ਨੂੰ ਬੋਲਣ ਤੋਂ ਪਹਿਲਾਂ ਸਮਝਣ ਉੱਤੇ ਨਿਰਭਰ ਹੈ

(3) ਇੱਕ ਵਿਅਕਤੀ ਦੀ ਸਹਿਜ ਸਮਰੱਥਾ

(4) ਇਨਾਮ ਤੇ ਸਜ਼ਾ ਰਾਹੀਂ ਸਿੱਖਿਆ ਹੋਇਆ

**114.** ਹੇਠ ਲਿਖਿਆਂ ਵਿੱਚੋਂ ਕਿਹੜਾ ਤਸਵੀਰਾਂ ਬਾਰੇ ਗ਼ਲਤ ਹੈ ?

ਪੁਸਤਕਾਂ ਵਿੱਚ ਤਸਵੀਰਾਂ ਤੇ ਉਦਾਹਰਨਾਂ :-

(1) ਉਨ੍ਹਾਂ ਨੂੰ ਅਜਿਹੀਆਂ ਤਸਵੀਰਾਂ ਬਣਾਉਣ ਦਾ ਮੌਕਾ ਦਿੰਦੀਆਂ ਹਨ ।

(2) ਭਾਸ਼ਾ ਨੂੰ ਅਣਪਛਾਤੇ ਅਤੇ ਯਾਦਗਾਰੀ ਸੰਦਰਭਾਂ ਵਿੱਚ ਪੇਸ਼ ਕਰਨ ਲਈ ਸਹਾਇਕ ਹੁੰਦੀਆਂ ਹਨ ।

(3) ਵਿਸ਼ੇ ਦੀ ਹਮਾਇਤ ਕਰਦੀਆਂ ਹਨ ।

(4) ਬੱਚਿਆਂ ਦੀ ਰੁਚੀ ਬਰਕਰਾਰ ਰੱਖਦੀਆਂ ਹਨ ।

Prepp
Your Personal Exams Guide

**115.** ਹੇਠ ਲਿਖਿਆਂ ਵਿਚੋਂ ਕਿਹੜਾ ਬਿਆਨ ਯੁਵਾ ਸਿਖਿਆਰਥੀ ਬਾਰੇ ਸਹੀ ਹੈ ?
(1) ਬਹੁਤ ਜ਼ਿਆਦਾ ਯੁਵਾ ਸਿਖਿਆਰਥੀ ਅੰਸ਼ਿਕ ਰੂਪ ਵਿਚ ਅਮੂਰਤ ਸੰਕਲਪਾਂ ਨੂੰ ਸਮਝਦੇ ਹਨ।
(2) ਬਹੁਤ ਜ਼ਿਆਦਾ ਯੁਵਾ ਸਿਖਿਆਰਥੀ ਅਮੂਰਤ ਸੰਕਲਪਾਂ ਤੋਂ ਪ੍ਰੇਰਿਤ ਹੁੰਦੇ ਹਨ।
(3) ਬਹੁਤ ਜ਼ਿਆਦਾ ਯੁਵਾ ਸਿਖਿਆਰਥੀ ਅਮੂਰਤ ਸੰਕਲਪਾਂ ਨੂੰ ਸਮਝਦੇ ਹਨ।
(4) ਬਹੁਤ ਜ਼ਿਆਦਾ ਯੁਵਾ ਸਿਖਿਆਰਥੀ ਅਮੂਰਤ ਸੰਕਲਪਾਂ ਨੂੰ ਔਖ ਨਾਲ ਸਮਝਦੇ ਹਨ।

**116.** ਇੱਕ ਅਧਿਆਪਕ ਪਹਿਲੀ ਜਮਾਤ ਦੇ ਸਿਖਿਆਰਥੀਆਂ ਨੂੰ ਕੰਧਾਂ ਉੱਤੇ ਜਿਵੇਂ ਚਾਹੁਣ ਘਸੀਟ ਲੇਖ, ਡਰਾਅ ਕਰਨ ਅਤੇ ਲਿਖਣ ਲਈ ਕਹਿੰਦਾ ਹੈ। ਇਥੇ ਉਹ ਕਿਸ ਨੂੰ ਉਤਸ਼ਾਹਿਤ ਕਰ ਰਿਹਾ ਹੈ ?
(1) ਲਿਖਣ ਕੌਸ਼ਲ ਦਾ ਵਿਕਾਸ
(2) ਵਰਣਮਾਲਾ ਦੇ ਅੱਖਰਾਂ ਨੂੰ ਲਿਖਣ ਦੀ ਸ਼ੁਰੂਆਤ
(3) ਉਭਰਦੇ ਸਾਖ਼ਰਤਾ ਵਿਕਾਸ
(4) ਖੇੜਾ ਤੇ ਹਾਸਰਸ

**117.** ਇੱਕ ਅਧਿਆਪਕ ਭਾਸ਼ਾ ਸਿਖਲਾਈ ਦੇ ਕੁਝ ਪੱਖਾਂ ਦੀ ਤਲਾਸ਼ ਕਰਦਾ ਹੈ, ਭਾਵ ਵਿਗਿਆਨਕ ਸੰਕਲਪਾਂ ਉੱਤੇ ਸਮਝ ਨਾਲ ਇੱਕ ਟੈਕਸਟ ਨੂੰ ਪੜ੍ਹਨਾ। ਉਹ ਉਨ੍ਹਾਂ ਵਿਦਿਆਰਥੀਆਂ ਨੂੰ ਚੁਣਨ ਦਾ ਫ਼ੈਸਲਾ ਕਰਦਾ ਹੈ, ਜੋ ਵਿਸ਼ੇਸ਼ ਪੱਖਾਂ ਉੱਤੇ ਮੁਸ਼ਕਿਲ ਮਹਿਸੂਸ ਕਰਦੇ ਹਨ। ਉਹ ਅਜਿਹੀ ਟੈਕਸਟ ਨੂੰ ਪੜ੍ਹਨ ਤੇ ਸਮਝਣ ਲਈ ਉਨ੍ਹਾਂ ਦੀ ਸਹਾਇਤਾ ਕਰਦਾ ਹੈ। ਇਸ ਅਭਿਆਸ ਨੂੰ ਕੀ ਕਿਹਾ ਜਾਵੇਗਾ ?
(1) ਚਿੰਤਨ ਕੌਸ਼ਲ (2) ਫ਼ੀਡਬੈਕ ਅਧਿਆਪਨ
(3) ਰੈਮਡੀਅਲ ਅਧਿਆਪਨ (4) ਉੱਚ ਸ਼੍ਰੇਣੀ ਦੇ ਕੌਸ਼ਲ

**118.** ਇਸ ਦਾ ਮੁਲਾਂਕਣ ਕਰਨ ਵਾਸਤੇ ਕਿ ਕੀ ਵਿਦਿਆਰਥੀ ਇੱਕ ਦੁਕਾਨ ਤੋਂ ਕੁਝ ਖ਼ਰੀਦਣ ਲਈ ਵਿਹਾਰਕ ਵਿਆਖਿਆਕਾਰਾਂ ਦੀ ਵਰਤੋਂ ਕਰ ਸਕਦੇ ਹਨ, ਵਿਦਿਆਰਥੀਆਂ ਲਈ ਢੁਕਵਾਂ ਹੋਵੇਗਾ :
(1) ਦੁਕਾਨਦਾਰ ਅਤੇ ਗਾਹਕਾਂ ਵਿਚਕਾਰ ਇੱਕ ਕਹਾਣੀ ਨੂੰ ਪੜ੍ਹਨ।
(2) ਦੁਕਾਨਦਾਰ ਅਤੇ ਗਾਹਕਾਂ ਵਿਚਕਾਰ ਦ੍ਰਿਸ਼ ਚਿਤਰਣ।
(3) ਦੁਕਾਨਦਾਰ ਅਤੇ ਗਾਹਕਾਂ ਵਿਚਕਾਰ ਲਘੂ ਸੰਵਾਦ ਲਿਖਣ।
(4) ਉਨ੍ਹਾਂ ਦੀਆਂ ਖਾਣ ਦੀਆਂ ਪ੍ਰਾਥਮਿਕਤਾਵਾਂ ਲਿਖਣ।

**119.** ਤੁਹਾਡੀ ਜਮਾਤ ਵਿੱਚ ਵਿਦਿਆਰਥੀ ਦੀ ਸੌਖ ਲਈ ਤੁਸੀਂ ਅਧਿਆਪਕ ਵਜੋਂ ਕਿਹੜੇ ਕਦਮ ਚੁੱਕੋਗੇ ?
(a) ਵਿਦਿਆਰਥੀਆਂ ਨੂੰ ਹੋਰ ਪ੍ਰਸ਼ਨ ਪੁੱਛਣ ਲਈ ਉਤਸ਼ਾਹਿਤ ਕਰਨਾ।
(b) ਜੋੜੇ ਤੇ ਸਮੂਹ ਵਿੱਚ ਕੰਮ ਕਰਾਉਣਾ ਅਤੇ ਵਿਦਿਆਰਥੀਆਂ ਤੋਂ ਵਿਚਾਰ ਮੰਗਣਾ।
(c) ਉਨ੍ਹਾਂ ਨੂੰ ਉੱਚੀ ਆਵਾਜ਼ ਵਿੱਚ ਟੈਕਸਟ ਪੜ੍ਹਾਉਣੀ 'ਤੇ ਵਿਅਕਤੀਗਤ ਪ੍ਰਤੀਕਿਰਿਆ ਲੈਣੀ ਤਾਂ ਜੋ ਵਿਅਕਤੀਗਤ ਸਿਖਲਾਈ ਹੋ ਸਕੇ।
(d) ਵਾਰਤਾਲਾਪ ਲਈ ਇੱਕ ਦੂਜੇ ਨੂੰ ਸੰਵਾਦ ਸੁਣਾਉਣੇ ਅਤੇ ਇੱਕ-ਦੂਜੇ ਨੂੰ ਪ੍ਰਸ਼ਨ ਪੁੱਛਣੇ।
(1) (a), (b), (d) ਸਹੀ ਹੈ। (2) (a), (c), (d) ਸਹੀ ਹੈ।
(3) (a), (b), (c) ਸਹੀ ਹੈ। (4) (b), (c), (d) ਸਹੀ ਹੈ।

**120.** ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸ਼ਬਦ-ਭੰਡਾਰ ਨੂੰ ਵਿਕਸਿਤ ਕਰਨ ਲਈ ਇੱਕ ਅਧਿਆਪਕ ਸਮੱਗਰੀ ਦੀ ਵਰਤੋਂ ਕਰ ਰਿਹਾ ਹੈ, ਜਿਸ ਵਿੱਚ ਭਾਸ਼ਾ ਸ਼ਾਮਿਲ ਹੈ, ਜੋ ਵਿਦਿਆਰਥੀਆਂ ਲਈ ਸੁਖਾਲੀ ਬਣਾਈ ਗਈ ਹੈ ਅਤੇ ਪ੍ਰਮਾਣਿਕ ਸਮੱਗਰੀ ਉੱਤੇ ਅਧਾਰਿਤ ਹੈ। ਇਹ ਸਮੱਗਰੀ ਹੈ :
(1) ਦੁਭਾਸ਼ੀ-ਸ਼ਬਦ-ਕੋਸ਼ (2) ਗਰੇਡਡ ਰੀਡਰ
(3) ਅਖ਼ਬਾਰ (4) ਰੋਲ-ਕਾਰਡ

ਉਮੀਦਵਾਰ **ਭਾਗ–V (ਪ੍ਰ.ਨੰ. 121-150)** ਦੇ ਪ੍ਰਸ਼ਨ ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ **ਪੰਜਾਬੀ ਭਾਸ਼ਾ–II** ਵਜੋਂ ਚੁਣਿਆ ਹੈ।

Candidates should attempt the questions from **Part-V (Q.No. 121-150)**, if they have opted **PUNJABI** as **Language-II** only.

Prepp
Your Personal Exams Guide

## PART-V

## LANGUAGE-II

## PUNJABI

ਉਮੀਦਵਾਰ **ਭਾਗ-V (ਪ੍ਰ.ਨੰ. 121-150)** ਦੇ ਪ੍ਰਸ਼ਨ ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ **ਪੰਜਾਬੀ ਭਾਸ਼ਾ-II** ਵਜੋਂ ਚੁਣਿਆ ਹੈ।

**ਨਿਰਦੇਸ਼ : ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ (121-128) ਦੇ ਉੱਤਰ ਢੁਕਵੇਂ ਵਿਕਲਪਾਂ ਨਾਲ ਦਿਓ :**

ਰਹਿਤਨਾਮਾ ਉਸ ਪੁਸਤਕ ਨੂੰ ਕਹਿੰਦੇ ਹਨ, ਜਿਸ ਵਿੱਚ ਸਿੱਖ ਧਰਮ ਦੇ ਨਿਯਮਾਂ ਅਨੁਸਾਰ ਰਹਿਣ ਦੀ ਰੀਤ ਦੱਸੀ ਗਈ ਹੋਵੇ। ਇਨ੍ਹਾਂ ਦਾ ਇੱਕ ਸੰਕਲਨ 'ਬਿਬੇਕ ਵਾਰਿਸ' ਗ੍ਰੰਥ ਵਿੱਚ ਪ੍ਰਾਪਤ ਹੈ, ਜਿਸ ਵਿੱਚ 37 ਰਹਿਤਨਾਮੇ ਦਰਜ ਹਨ, ਪਰ ਰਹਿਤਨਾਮੇ ਪ੍ਰਮਾਣਿਕ ਉਹੀ ਸਮਝੇ ਜਾਂਦੇ ਹਨ, ਜਿਨ੍ਹਾਂ ਦਾ ਆਸ਼ਾ ਗੁਰਬਾਣੀ ਤੇ ਭਾਈ ਗੁਰਦਾਸ ਦੀ ਰਚਨਾ ਦੇ ਅਨੁਕੂਲ ਹੋਵੇ। ਭਾਈ ਦੇਸਾ ਸਿੰਘ ਦਾ ਰਹਿਤਨਾਮਾ, ਭਾਈ ਨੰਦ ਲਾਲ ਦੇ ਪ੍ਰਸ਼ਨੋਤਰ ਤੇ ਤਨਖ਼ਾਹ-ਨਾਮਾ ਖ਼ਾਸ ਵਰਣਨਯੋਗ ਹਨ। ਭਾਈ ਨੰਦ ਲਾਲ ਦੀ ਭਾਸ਼ਾ ਉਨ੍ਹਾਂ ਦੀ ਫ਼ਾਰਸੀ ਰਚਨਾ ਦੇ ਟਾਕਰੇ 'ਤੇ ਸਰਲ ਹੈ ਪਰ ਵਿਸ਼ੇ ਦਾ ਆਧਾਰ ਗੁਰੂ ਗੋਬਿੰਦ ਸਿੰਘ ਜੀ ਨਾਲ ਹੋਏ ਵਿਚਾਰ ਵਟਾਂਦਰੇ ਹਨ। ਆਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਨਿਨ ਸਿੱਖਾਂ ਤੇ ਮੁੱਖ ਦਰਬਾਰੀ ਰਤਨਾਂ ਵਿੱਚੋਂ ਸਨ। ਆਪ ਫ਼ਾਰਸੀ, ਅਰਬੀ ਅਤੇ ਭਾਰਤੀ ਭਾਸ਼ਾਵਾਂ ਆਦਿ ਦੇ ਵਿਦਵਾਨ ਸਨ। ਆਪ ਦਾ ਜਨਮ ਸੰਮਤ 1691 ਦੇ ਲਗਭਗ ਇੱਕ ਹਿੰਦੂ ਵੈਸ਼ਨਵ ਘਰਾਣੇ ਵਿੱਚ ਹੋਇਆ, ਪਰ ਧਾਰਮਿਕ ਨਿਸ਼ਚਾ, ਸੁਤੰਤਰਤਾ-ਪੂਰਵਕ ਚੇਤੰਨ ਹੋਣ ਵਾਲਾ ਸੀ। ਆਪਣੀ ਧਰਮ ਪਤਨੀ ਦੇ ਪ੍ਰਭਾਵ ਕਾਰਨ ਗੁਰੂ ਜੀ ਦੀ ਹਜ਼ੂਰੀ ਵਿੱਚ ਪੁੱਜੇ ਅਤੇ ਪਿਛੋਂ ਔਰੰਗਜ਼ੇਬ ਦੇ ਸ਼ਹਿਜ਼ਾਦਾ ਮੁਅਜ਼ਮ (ਬਹਾਦਰ ਸ਼ਾਹ) ਦੇ ਮੀਰ ਮੁਨਸ਼ੀ ਰਹੇ। ਆਪ ਦੀਆਂ ਬਹੁਤੀਆਂ ਰਚਨਾਵਾਂ ਫ਼ਾਰਸੀ ਅਤੇ ਤਨਖ਼ਾਹ-ਨਾਮਾ, ਭਾਸ਼ਾ ਵਿੱਚ ਹਨ।

**121.** 'ਬਿਬੇਕ ਵਾਰਿਸ' ਗ੍ਰੰਥ ਵਿੱਚ ਕੀ ਹੈ ?

(1) ਰਹਿਤਨਾਮੇ
(2) ਭਾਈ ਸੰਤੋਖ ਸਿੰਘ ਦਾ ਜੀਵਨ
(3) ਆਨੰਦਘਣ ਦੇ ਟੀਕੇ
(4) ਨਿਰਮਲਿਆਂ ਦਾ ਇਤਿਹਾਸ

**122.** 'ਰਹਿਤਨਾਮਾ' ਕਿਸ ਨੂੰ ਆਖਦੇ ਹਨ ?

(1) ਸਿੱਖ ਧਰਮ ਦੀ ਰਹਿਤ ਅਨੁਸਾਰ ਨਾ ਚੱਲਣਾ
(2) ਸਿੱਖ ਧਰਮ ਅਨੁਸਾਰ ਰਹਿਤ ਮਰਿਆਦਾ
(3) ਸਿੱਖ ਧਰਮ ਦੀ ਰਹਿਤ ਅਨੁਸਾਰ ਨਾ ਰਹਿਣਾ
(4) ਸਿੱਖ ਧਰਮ ਦੇ ਨੇਮਾਂ ਨੂੰ ਦਰਕਿਨਾਰ ਕਰਨਾ

**123.** ਹੇਠ ਲਿਖਿਆਂ ਵਿੱਚੋਂ ਗੁਰੂ ਗੋਬਿੰਦ ਸਿੰਘ ਜੀ ਦਾ ਦਰਬਾਰੀ ਕਵੀ ਰਤਨ ਕੌਣ ਸੀ ?

(1) ਭਾਈ ਸੰਤੋਖ ਸਿੰਘ
(2) ਸੰਤ ਸਿੰਘ ਸੇਖੋਂ
(3) ਗਿਆਨੀ ਗਿਆਨ ਸਿੰਘ
(4) ਭਾਈ ਨੰਦ ਲਾਲ

**124.** ਪੈਰੇ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨਾਲ ਵਿਚਾਰ-ਵਟਾਂਦਰੇ ਕਿਸ ਨੇ ਕੀਤੇ ?

(1) ਮੁੱਜ਼ਅਮ (2) ਬਹਾਦਰ ਸ਼ਾਹ (3) ਭਾਈ ਨੰਦ ਲਾਲ (4) ਔਰੰਗਜ਼ੇਬ

**125.** ਭਾਈ ਨੰਦ ਲਾਲ ਕਿਸਦੇ ਪ੍ਰਭਾਵ ਕਰਕੇ ਗੁਰੂ ਸਾਹਿਬ ਹਜ਼ੂਰੀ ਵਿੱਚ ਪੁੱਜੇ ?

(1) ਭਾਈ ਗੁਰਦਾਸ (2) ਔਰੰਗਜ਼ੇਬ (3) ਪਤਨੀ (4) ਭਰਾ

**126.** ਹੇਠ ਲਿਖਿਆਂ ਵਿੱਚ ਸਮਾਸੀ ਸ਼ਬਦ ਚੁਣੋ :

(1) ਪ੍ਰਭਾਵ-ਕਾਰਨ (2) ਬਹੁਤੀਆਂ ਰਚਨਾਵਾਂ (3) ਇੱਕ-ਸੰਕਲਨ (4) ਤਨਖ਼ਾਹ-ਨਾਮਾ

**127.** ਹੇਠ ਲਿਖਿਆਂ ਵਿੱਚੋਂ ਕਿਹੜਾ ਗੁਰੂ ਗੋਬਿੰਦ ਸਿੰਘ ਦੀ ਨਾਲ ਸੰਬੰਧਿਤ ਨਹੀਂ ਹੈ ?

(1) ਅਰਬੀ (2) ਭਾਰਤੀ ਭਾਸ਼ਾਵਾਂ (3) ਫ਼ਾਰਸੀ (4) ਜਰਮਨ

**128.** 'ਤਨਖ਼ਾਹ-ਨਾਮਾ' ਕਿਸਦੀ ਰਚਨਾ ਹੈ ?

(1) ਮੁਅਜ਼ਮ (2) ਭਾਈ ਨੰਦ ਲਾਲ (3) ਭਾਈ ਦੇਸਾ ਸਿੰਘ (4) ਭਾਈ ਗੁਰਦਾਸ

Prepp
Your Personal Exams Guide

**ਨਿਰਦੇਸ਼ : ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ (129-135) ਦੇ ਉੱਤਰ ਢੁਕਵੇਂ ਵਿਕਲਪਾਂ ਨਾਲ ਦਿਓ :**

ਸਾਮਰਾਜ ਵਿਰੁੱਧ ਚਲਾਈਆਂ ਗਈਆਂ ਇਨਕਲਾਬੀ ਲਹਿਰਾਂ ਵਿੱਚ ਪੰਜਾਬ ਸਭ ਤੋਂ ਅੱਗੇ ਰਿਹਾ ਸੀ। 1905 ਈਸਵੀ ਤੋਂ 1907 ਈਸਵੀ ਤਕ ਦੇ ਆਰਥਿਕ ਮੰਦਵਾੜੇ ਦਾ ਜ਼ਿਕਰ ਪਹਿਲਾਂ ਵੀ ਕੀਤਾ ਗਿਆ ਹੈ। ਸਭ ਤੋ ਪਹਿਲੀ ਲਹਿਰ ਜਿਸ ਨੂੰ ਇਨਕਲਾਬੀ ਕਿਹਾ ਜਾ ਸਕਦਾ ਹੈ, 'ਗ਼ਦਰ ਲਹਿਰ' ਹੀ ਸੀ, ਜਿਸਦੀ ਸਥਾਪਨਾ 21 ਅਪ੍ਰੈਲ 1913 ਨੂੰ ਹਿੰਦੁਸਤਾਨ ਗ਼ਦਰ ਪਾਰਟੀ ਦੀ ਸਥਾਪਨਾ ਨਾਲ ਹੋਈ। ਪਹਿਲੀ ਨਵੰਬਰ 1913 ਨੂੰ ਇਸ ਪਾਰਟੀ ਦਾ ਅਖ਼ਬਾਰ 'ਗ਼ਦਰ' ਜਾਰੀ ਕੀਤਾ ਗਿਆ , ਜਿਸਦਾ ਸਾਹਿਤ ਕਵਿਤਾ ਤੇ ਗਦ ਵਿੱਚ ਕ੍ਰਾਂਤੀਕਾਰੀ ਚੇਤਨਤਾ ਦਾ ਵਿਆਪਕ ਪੱਧਰ ਉਤੇ ਪ੍ਰਗਟਾਅ ਕੀਤਾ ਗਿਆ ਹੈ। ਬਾਬਾ ਸੋਹਨ ਸਿੰਘ ਭਕਨਾ ਇਸਦੇ ਪਹਿਲੇ ਪ੍ਰਧਾਨ ਅਤੇ ਸਕੱਤਰ ਲਾਲਾ ਹਰਦਿਆਲ ਇਸ ਲਹਿਰ ਦੇ ਆਗੂਆਂ ਵਿੱਚੋਂ ਸਨ, ਜਿਨ੍ਹਾਂ ਦੇ ਕ੍ਰਾਂਤੀਕਾਰੀ ਵਿਚਾਰਾਂ ਨੇ ਇਸ ਲਹਿਰ ਨੂੰ ਅੰਤਰਰਾਸ਼ਟਰੀ ਸੂਝਬੂਝ ਅਤੇ ਅੰਤਰਰਾਸ਼ਟਰੀ ਆਯਾਮ ਪ੍ਰਦਾਨ ਕੀਤਾ। ਗ਼ਦਰ ਪਾਰਟੀ ਦੇ ਚਲਾਏ ਗਏ ਅੰਦੋਲਨਾਂ ਨੂੰ ਪਿਛੋਕੜ ਵਿੱਚ ਰੱਖ ਕੇ ਗਿਆਨੀ ਕੇਸਰ ਸਿੰਘ ਨੇ ਇੱਕ ਦਰਜਨ ਤੋਂ ਵਧੀਕ ਮਹਾਂ-ਕਾਵਿਕ ਪਸਾਰਾਂ ਵਾਲੇ ਉਤਕ੍ਰਿਸ਼ਟ ਨਾਵਲਾਂ ਦੀ ਰਚਨਾ ਕੀਤੀ ਹੈ। ਡਾ. ਸੁਰਿੰਦਰ ਸਿੰਘ ਨਰੂਲਾ ਦੇ ਨਾਵਲਾਂ ਵਿੱਚ ਵੀ ਇਸ ਲਹਿਰ ਦਾ ਪ੍ਰਭਾਵ ਵੇਖਿਆ ਜਾ ਸਕਦਾ ਹੈ। ਇਸ ਲਹਿਰ ਵਿੱਚ ਸਭ ਤੋਂ ਵੱਧ ਹਿੱਸਾ ਪਾਉਣ ਵਾਲੇ ਪੰਜਾਬੀ ਸਨ।

'ਗ਼ਦਰ' ਵਿੱਚ ਛਪੀਆਂ ਕਵਿਤਾਵਾਂ ਦੇ ਸੰਗ੍ਰਹਿ 'ਗ਼ਦਰ ਦੀ ਗੂੰਜ' ਨਾਂ ਹੇਠ ਛਪੇ, ਜੋ ਲੋਕਾਂ ਵਿੱਚ ਬਹੁਤ ਹਰਮਨ ਪਿਆਰੇ ਹੋਏ। ਇਸ ਵਿੱਚ ਇਨਕਲਾਬੀ ਤੇ ਜੋਸ਼ੀਲੀਆਂ ਕਵਿਤਾਵਾਂ ਤੇ ਲੇਖ ਆਦਿ ਹੁੰਦੇ ਸਨ। ਹਿੰਦੁਸਤਾਨ ਵਿੱਚ ਇਨਕਲਾਬ ਲਈ ਜੋਸ਼ੀਲੀਆਂ ਕਵਿਤਾਵਾਂ ਇਹ ਖ਼ੁਫ਼ੀਆ ਤੌਰ 'ਤੇ ਘਰ-ਘਰ ਪਹੁੰਚਾਈਆਂ ਗਈਆਂ।

**129.** ਹੇਠ ਲਿਖਿਆਂ ਵਿੱਚੋਂ ਕਿਹੜਾ ਗ਼ਦਰ ਲਹਿਰ ਨਾਲ ਸੰਬੰਧਤ ਨਹੀਂ ਹੈ ?
(1) ਗਿਆਨੀ ਕੇਸਰ ਸਿੰਘ ਦੇ ਨਾਵਲ
(2) ਜੋਸ਼ੀਲੀਆਂ ਕਵਿਤਾਵਾਂ
(3) ਸੋਹਨ ਸਿੰਘ ਭਕਨਾ
(4) ਭਾਈ ਮਨੀ ਸਿੰਘ

**130.** ਇੱਕ ਦਰਜਨ ਵਿੱਚ ਕਿੰਨੀ ਗਿਣਤੀ ਹੁੰਦੀ ਹੈ ?
(1) ਬਵੰਜਾ
(2) ਬਾਹਟ
(3) ਬਾਰਾਂ
(4) ਬਾਈ

**131.** 'ਗ਼ਦਰ ਲਹਿਰ' ਵਿੱਚ ਸਭ ਤੋਂ ਵੱਧ ਹਿੱਸਾ ਕਿਸ ਨੇ ਪਾਇਆ ?
(1) ਪੰਜਾਬੀਆਂ ਨੇ
(2) ਬੰਗਾਲੀਆਂ ਨੇ
(3) ਗੁਜਰਾਤੀਆਂ ਨੇ
(4) ਤਾਮਿਲਾਂ ਨੇ

**132.** ਗ਼ਦਰ ਪਾਰਟੀ ਕਦੋਂ ਹੋਂਦ ਵਿੱਚ ਆਈ ?
(1) 1913
(2) 1713
(3) 1813
(4) 2013

**133.** ਗ਼ਦਰ ਪਾਰਟੀ ਦੇ ਅਖ਼ਬਾਰ ਦਾ ਕੀ ਨਾਂ ਸੀ ?
(1) ਗ਼ਦਰ
(2) ਗੋਰੇ ਸ਼ਾਹੀ ਤੂਫ਼ਾਨ
(3) ਦੁੱਖ ਦੇ ਕੀਰਨੇ
(4) ਪੰਜਾਬ ਦੀ ਆਵਾਜ਼

**134.** ਕਿਸਦੇ ਯੋਗਦਾਨ ਨਾਲ ਗ਼ਦਰ ਲਹਿਰ ਨੂੰ ਅੰਤਰ-ਰਾਸ਼ਟਰੀ ਰੂਪ ਮਿਲਿਆ ?
(1) ਗੁਰਮੁਖ ਸਿੰਘ ਮੁਸਾਫ਼ਿਰ
(2) ਲਾਲਾ ਹਰਦਿਆਲ
(3) ਗਿਆਨੀ ਕੇਸਰ ਸਿੰਘ
(4) ਸੁਰਿੰਦਰ ਸਿੰਘ ਨਰੂਲਾ

**135.** 'ਗ਼ਦਰ ਦੀ ਗੂੰਜ' ਵਿੱਚ ਕੀ ਛਾਪਿਆ ਗਿਆ ?
(1) ਗ਼ਦਰ ਵਿਰੋਧੀ ਲੇਖ
(2) ਗ਼ਦਰ ਵਿਰੋਧੀ ਨਾਵਲ
(3) ਗ਼ਦਰ ਵਿਰੋਧੀ ਕਵਿਤਾਵਾਂ
(4) ਇਨਕਲਾਬੀ ਕਵਿਤਾਵਾਂ ਅਤੇ ਲੇਖ

**136.** ਹੇਠ ਲਿਖਿਆਂ ਵਿੱਚੋਂ ਕਿਹੜਾ ਬੱਚਿਆਂ ਨੂੰ ਕਹਾਣੀ ਸੁਣਾਉਣ ਬਾਰੇ ਗ਼ਲਤ ਹੈ ?
ਕਹਾਣੀ ਸੁਣਨ ਨਾਲ ਬੱਚਿਆਂ ਨੂੰ ਮਦਦ ਮਿਲਦੀ ਹੈ –
(1) ਸਮੱਸਿਆ ਦਾ ਹੱਲ ਕੱਢਣ ਦੇ ਕੌਸ਼ਲ ਵਿਚ
(2) ਜੀਵਨ ਵਿਚ ਨਵੀਆਂ ਕਦਰਾਂ-ਕੀਮਤਾਂ ਸਿੱਖਣ ਵਿਚ।
(3) ਨਵੇਂ ਸ਼ਬਦ ਸਿੱਖਣ ਅਤੇ ਆਪਣਾ ਸ਼ਬਦ-ਭੰਡਾਰ ਵਧਾਉਣ ਵਿਚ।
(4) ਵਾਕ ਬਣਤਰ ਸਿੱਖਣ ਵਿਚ

**137.** ਇੱਕ ਅਧਿਆਪਕ ਨੂੰ ਯੂਨਿਟ ਦੇ ਵਿਸ਼ੇ ਨਾਲ ਢੁਕਦੀ ਇੱਕ ਵੀਡੀਓ ਮਿਲਦੀ ਹੈ। ਉਹ ਇਸ ਵੀਡੀਓ ਉੱਤੇ ਜੋੜਿਆਂ ਦੇ ਕੰਮ ਦੀ ਇੱਕ ਗਤੀਵਿਧੀ ਕਰਾਉਣ ਦੀ ਯੋਜਨਾ ਬਣਾਉਂਦਾ ਹੈ। ਜੋੜਿਆਂ ਦੇ ਇਸ ਕੰਮ ਦੀ ਗਤੀਵਿਧੀ ਦਾ ਉਦੇਸ਼ –

(1) ਅਧਿਆਪਕ ਦਾ ਕੰਮ ਖੁੱਲ੍ਹ ਕੇ ਕਰਨਾ ਹੈ।

(2) ਭਾਸ਼ਾ-ਚੇਤਨਾ ਵਿਕਸਿਤ ਕਰਨੀ ਹੈ।

(3) ਉਨ੍ਹਾਂ ਦੇ ਆਪਣੇ ਕੰਮ ਦਾ ਮੁਲਾਂਕਣ ਕਰਨਾ ਹੈ।

(4) ਉਨ੍ਹਾਂ ਤੋਂ ਮਿਲ ਕੇ ਤੇਜ਼ ਗਤੀ ਨਾਲ ਕੰਮ ਕਰਾਉਂਣ ਹੈ।

**138.** ਇਕ ਕਹਾਣੀ-ਸੰਗ੍ਰਹਿ ਤੇ ਹੋਰਨਾਂ ਬਿਰਤਾਂਤਾਂ ਨੂੰ ਭਾਸ਼ਾ ਸਿਖਲਾਈ ਲਈ ਸਪਲੀਮੈਂਟਰੀ ਰੀਡਰ ਵਜੋਂ ਨਿਰਧਾਰਿਤ ਕੀਤਾ ਗਿਆ ਹੈ। ਸਪਲੀਮੈਂਟਰੀ ਰੀਡਰ ਦਾ ਮੁੱਖ ਮਕਸਦ ਕੀ ਹੈ ?

(1) ਨੈਤਿਕ ਸਿਖਲਾਈ ਨੂੰ ਉਤਸ਼ਾਹਿਤ ਕਰਨਾ। (2) ਵਿਸਤ੍ਰਿਤ ਪੜ੍ਹਤ ਨੂੰ ਉਤਸ਼ਾਹਿਤ ਕਰਨਾ।

(3) ਬਹੁ-ਭਾਸ਼ਾਵਾਦ ਨੂੰ ਉਤਸ਼ਾਹਿਤ ਕਰਨਾ। (4) ਗਹਿਣ ਪੜ੍ਹਤ ਨੂੰ ਉਤਸ਼ਾਹਿਤ ਕਰਨਾ।

**139.** ਪੰਜਵੀਂ ਜਮਾਤ ਦਾ ਇੱਕ ਅਧਿਆਪਕ ਵਿਦਿਆਰਥੀ ਨੂੰ ਇੱਕ ਕਹਾਣੀ ਲਿਖਣ ਦਾ ਕੰਮ ਦਿੰਦਾ ਹੈ। ਜਦੋਂ ਵਿਦਿਆਰਥੀ ਕਹਾਣੀ ਲਿਖਦੇ ਹਨ, ਤਾਂ ਅਧਿਆਪਕ ਉਨ੍ਹਾਂ ਵਿਦਿਆਰਥੀਆਂ ਲਈ ਜਮਾਤ ਦੇ ਚੱਕਰ ਲਗਾਉਂਦਾ ਹੈ, ਜੋ ਗ਼ਲਤੀਆਂ ਕਰਦੇ ਹਨ ਅਤੇ ਨਵੇਂ ਸ਼ਬਦ ਪੁੱਛਦੇ ਹਨ। ਇਥੇ ਅਧਿਆਪਕ----ਦੀ ਭੂਮਿਕਾ ਵਿੱਚ ਹੈ।

(1) ਸਹਾਇਕ (2) ਡਾਇਗਨੌਸਟੀਅਨ (3) ਮੈਨੇਜਰ (4) ਪਲੈਨਰ

**140.** ਹੇਠ ਲਿਖਿਆਂ ਵਿੱਚੋਂ ਕਿਹੜਾ ਭਾਸ਼ਾ ਦੇ ਅਧਿਆਪਨ ਦੀ ਮੁੱਢਲੀ ਜ਼ਿੰਮੇਵਾਰੀ ਹੈ ?

(1) ਸਿਖਿਆਰਥੀਆਂ ਨੂੰ ਵੱਖ-ਵੱਖ ਜਮਾਤਾਂ ਵਿਚ ਵੰਡਣਾ।

(2) ਸਿਖਿਆਰਥੀਆਂ ਨੂੰ ਨਿਰਦੇਸ਼ ਦੇਣੇ।

(3) ਸਿਖਿਆਰਥੀਆਂ ਦੀਆਂ ਸੰਚਾਰਾਤਮਕ ਲੋੜਾਂ ਦੀ ਪਛਾਣ ਕਰਨੀ।

(4) ਅਧਿਆਪਨ ਲਈ ਵਿਸ਼ੇ ਦੀ ਚੋਣ ਕਰਨੀ।

**141.** **ਕਥਨ (A) :** ਪੜ੍ਹਨਾ, ਇਕ ਸ਼ਬਦ ਦੇ ਸਿਰਫ਼ ਠੀਕ ਉਚਾਰਨ ਨਾਲੋਂ ਵੱਧ ਹੈ।

**ਕਾਰਨ (R) :** ਪੜ੍ਹਤ, ਡੀਕੋਡਿੰਗ ਹੈ।

ਹੇਠ ਲਿਖੇ ਵਿਕਲਪਾਂ ਵਿੱਚੋਂ ਢੁੱਕਵਾਂ ਉੱਤਰ ਚੁਣੋ :

(1) **(A)** ਸਹੀ ਹੈ, ਪਰ **(R)** ਗ਼ਲਤ ਹੈ।

(2) **(A)** ਗ਼ਲਤ ਹੈ, ਪਰ **(R)** ਸਹੀ ਹੈ।

(3) **(A)** ਤੇ **(R)** ਦੋਵੇਂ ਸਹੀ ਹਨ, ਅਤੇ **(R)**, **(A)** ਦੀ ਸਹੀ ਵਿਆਖਿਆ ਹੈ।

(4) **(A)** ਤੇ **(R)** ਦੋਵੇਂ ਸਹੀ ਹਨ, ਪਰ **(R)**, **(A)** ਦੀ ਸਹੀ ਵਿਆਖਿਆ ਨਹੀਂ ਹੈ।

**142.** ਹੇਠ ਲਿਖਿਆਂ ਵਿਚੋਂ ਕਿਹੜੀ ਧਾਰਨਾ ਭਾਸ਼ਾ ਦੇ ਅਧਿਆਪਨ ਬਾਰੇ ਗ਼ਲਤ ਹੈ ?

(1) ਭਾਸ਼ਾ-ਅਧਿਆਪਨ ਦਾ ਸੰਚਾਰਾਤਮਕ ਗਤੀਵਿਧੀਆਂ ਉੱਤੇ ਜ਼ੋਰ ਹੋਣਾ ਚਾਹੀਦਾ ਹੈ।

(2) ਭਾਸ਼ਾ-ਅਧਿਆਪਨ ਵੱਲੋਂ ਭਾਸ਼ਣ ਨਾਲੋਂ ਲੇਖਣ ਨੂੰ ਮਹੱਤਵ ਦੇਣਾ ਚਾਹੀਦਾ ਹੈ।

(3) ਸਿਖਿਆਰਥੀ, ਭਾਸ਼ਾ ਨੂੰ ਇਸਦੀ ਅਸਲੀ ਸਥਿਤੀਆਂ ਵਿਚ ਵਰਤੋਂ ਦੀ ਕੋਸ਼ਿਸ਼ ਨਾਲ ਗ੍ਰਹਿਣ ਕਰਦਾ ਹੈ।

(4) ਸਿਖਿਆਰਥੀ ਦੀ ਪਹਿਲੀ ਭਾਸ਼ਾ ਦੀ ਸਿਖਲਾਈ ਵਿਚ ਇੱਕ ਅਹਿਮ ਭੂਮਿਕਾ ਹੁੰਦੀ ਹੈ।

**143.** ਹੇਠ ਲਿਖਿਆਂ ਵਿੱਚੋਂ ਕਿਹੜਾ ਭਾਸ਼ਾ ਗ੍ਰਹਿਣ ਕਰਨ ਦੇ ਵਿਵਹਾਰਵਾਦੀ ਸਿਧਾਂਤ ਨਾਲ ਸੰਬੰਧਿਤ ਨਹੀਂ ਹੈ ?

(1) ਟਰਾਇਲ ਐਂਡ ਐਰਰ (2) ਸਮਾਜਕ ਗੱਲਬਾਤ (3) ਉਪੇਰੈਂਟ ਕੰਡੀਸ਼ਨਿੰਗ (4) ਖਾਲੀ ਭਾਂਡਾ

Prepp
Your Personal Exams Guide

**144.** ਬੱਚਿਆਂ ਦੀ __________ ਵਿਚ ਪਹੁੰਚ ਬਣਾ ਕੇ ਲੀਨ ਕਰਨਾ ਚਾਹੀਦਾ ਹੈ ।

(1) ਛੋਟੀ ਉਮਰ ਤੋਂ ਬਹੁਤ ਸਾਰੀਆਂ ਮੌਖਿਕ ਭਾਸ਼ਾਵਾਂ (2) ਛੋਟੀ ਉਮਰ ਤੋਂ ਬਹੁਤ ਸਾਰੀਆਂ ਲਿਖਤੀ ਭਾਸ਼ਾਵਾਂ

(3) ਛੋਟੀ ਉਮਰ ਤੋਂ ਦੋ ਮੌਖਿਕ ਭਾਸ਼ਾਵਾਂ (4) ਛੋਟੀ ਉਮਰ ਤੋਂ ਦੋ ਲਿਖਤੀ ਭਾਸ਼ਾਵਾਂ

**145.** **ਕਥਨ (A) :** ਡਰਾਇੰਗ ਨੂੰ ਮੁੱਢਲੀ ਸਾਖ਼ਰਤਾ ਵਿੱਚ ਲਿਖਣ ਦੀ ਸ਼ੁਰੂਆਤ ਮੰਨਿਆ ਜਾਂਦਾ ਹੈ ।

**ਕਾਰਨ (R) :** ਤਸਵੀਰਾਂ ਪ੍ਰਤੀਕ ਹੁੰਦੀਆਂ ਹਨ ਅਤੇ ਅਰਥ ਦਿੰਦੀਆਂ ਹਨ ।

ਹੇਠ ਲਿਖੇ ਵਿਕਲਪਾਂ ਵਿੱਚੋਂ ਢੁੱਕਵਾਂ ਉੱਤਰ ਚੁਣੋ :

(1) **(A)** ਸਹੀ ਹੈ, ਪਰ **(R)** ਗ਼ਲਤ ਹੈ ।

(2) **(A)** ਗ਼ਲਤ ਹੈ, ਪਰ **(R)** ਸਹੀ ਹੈ ।

(3) **(A)** ਤੇ **(R)** ਦੋਵੇਂ ਸਹੀ ਹਨ, ਅਤੇ **(R)**, **(A)** ਦੀ ਸਹੀ ਵਿਆਖਿਆ ਹੈ ।

(4) **(A)** ਤੇ **(R)** ਦੋਵੇਂ ਸਹੀ ਹਨ, ਪਰ **(R)**, **(A)** ਦੀ ਸਹੀ ਵਿਆਖਿਆ ਨਹੀਂ ਹੈ ।

**146.** ਭਾਸ਼ਾ ਦੀ ਇਕ ਟਾਸਕ ਵਿਚ ਇਕ ਅਧਿਆਪਕ ਵਿਦਿਆਰਥੀਆਂ ਦਾ ਮਿਲੀ-ਜੁਲੀ ਯੋਗਤਾ ਵਾਲਾ ਇਕ ਸਮੂਹ ਬਣਾਉਂਦਾ ਹੈ। ਮਿਸ਼ਰਿਤ ਯੋਗਤਾ ਵਾਲਾ ਇਹ ਸਮੂਹ __________ ਲਈ ਬਣਾਇਆ ਗਿਆ ਹੈ ।

(1) ਵਿਦਿਆਰਥੀਆਂ ਨੂੰ ਇਕ-ਦੂਜੇ ਦੀ ਮਦਦ ਕਰਨ ਲਈ ਉਤਸ਼ਾਹਿਤ ਕਰਨ ।

(2) ਅਧਿਆਪਕ ਦਾ ਬੋਝ ਵੰਡਣ, ਕਿਉਂਕਿ ਅਧਿਆਪਕ ਸਾਰਿਆਂ ਵੱਲ ਧਿਆਨ ਨਹੀਂ ਦੇ ਸਕਦਾ ।

(3) ਕਮਜ਼ੋਰ ਵਿਦਿਆਰਥੀਆਂ ਦੀ ਪਛਾਣ ਕਰਨ ।

(4) ਪ੍ਰਬਲ ਵਿਦਿਆਰਥੀਆਂ ਨੂੰ ਖੁੱਲ੍ਹ ਕੇ ਪ੍ਰਗਟਾਵਾ ਕਰਨ ਦੀ ਥਾਂ ਦੇਣ ।

**147.** ਇਕ ਵਿਦਿਆਰਥੀ ਵੱਲੋਂ ਉਸ ਦੇ ਆਪਣੇ ਸ਼ਬਦਾਂ ਵਿਚ ਦੁਬਾਰਾ ਕਹਾਣੀ ਸੁਣਾਉਣ ਨਾਲ ਕਿਹੜੇ ਮੁਲਾਂਕਣ ਵਿਚ ਮਦਦ ਮਿਲਦੀ ਹੈ ।

(1) ਸੁਝਬੁਝ (2) ਯਾਦਾਸ਼ਤ (3) ਦਰੁਸਤੀ (4) ਰਵਾਨੀ

**148.** **ਕਥਨ (A) :** ਰੈਮੀਡੀਅਲ ਅਧਿਆਪਨ ਅਧਿਐਨ-ਅਧਿਆਪਨ ਪ੍ਰਕਿਰਿਆ ਦਾ ਇਕ ਅਟੁੱਟ ਹਿੱਸਾ ਹੈ ।

**ਕਾਰਨ (R) :** ਰੈਮੀਡੀਅਲ ਅਧਿਆਪਨ ਦੁਬਾਰਾ ਕਰਾਉਣਾ ਪੈਂਦਾ ਹੈ, ਕਿਉਂਕਿ ਜ਼ਰੂਰੀ ਨਹੀਂ ਕਿ ਉਸੇ ਢੰਗ ਨਾਲ ਭਾਸ਼ਾਈ ਮਦਾ ਚੰਗੀ ਤਰ੍ਹਾਂ ਸਿੱਖੀਆਂ ਨਹੀਂ ਜਾਂਦੀਆਂ ।

ਹੇਠ ਲਿਖੇ ਵਿਕਲਪਾਂ ਵਿੱਚੋਂ ਢੁੱਕਵਾਂ ਉੱਤਰ ਚੁਣੋ :

(1) **(A)** ਸਹੀ ਹੈ, ਪਰ **(R)** ਗ਼ਲਤ ਹੈ ।

(2) **(A)** ਗ਼ਲਤ ਹੈ, ਪਰ **(R)** ਸਹੀ ਹੈ ।

(3) **(A)** ਤੇ **(R)** ਦੋਵੇਂ ਸਹੀ ਹਨ, ਅਤੇ **(R)**, **(A)** ਦੀ ਸਹੀ ਵਿਆਖਿਆ ਹੈ ।

(4) **(A)** ਤੇ **(R)** ਦੋਵੇਂ ਸਹੀ ਹਨ, ਪਰ **(R)**, **(A)** ਦੀ ਸਹੀ ਵਿਆਖਿਆ ਨਹੀਂ ਹੈ ।

**149.** 'ਮਿਨੀਮਲ ਪੇਅਰ' ਦੀ ਡਰਿੱਲ __________ ਵਿੱਚ ਸੁਧਾਰ ਕਰਨ ਲਈ ਇੱਕ ਪ੍ਰਭਾਵਸ਼ਾਲੀ ਯੋਜਨਾ ਹੈ ?

(1) ਉਚਾਰਨ (2) ਪੈਰੇ ਦੀ ਪੜ੍ਹਤ (3) ਵਿਆਕਰਨ (4) ਸ਼ਬਦਾਵਲੀ

**150.** ਮੁੱਢਲੇ ਪੱਧਰ ਉੱਤੇ ਬੱਚੇ ਅਨੰਦਮਈ ਮਹਿਸੂਸ ਕਰਦੇ ਹਨ ਅਤੇ ਬਿਹਤਰੀਨ ਸਿਖਦੇ ਹਨ –

(1) ਆਪਣੀ ਘਰੇਲੂ ਭਾਸ਼ਾ ਵਿਚ (2) ਅੰਗਰੇਜ਼ੀ ਮਾਧਿਅਮ ਵਿਚ

(3) ਸਿੱਖਿਆ ਦੇ ਮਾਧਿਅਮ ਵਿਚ (4) ਸਰਕਾਰੀ ਭਾਸ਼ਾ ਵਿਚ

- o 0 o -

SPACE FOR ROUGH WORK

Prepp
Your Personal Exams Guide

## ਹੇਠ ਲਿਖੀਆਂ ਹਿਦਾਇਤਾਂ ਧਿਆਨ ਨਾਲ ਪੜ੍ਹੋ :

1. ਵੱਖੋ-ਵੱਖਰੇ ਪ੍ਰਸ਼ਨਾਂ ਦੇ ਉੱਤਰ ਦੇਣ ਦੇ ਢੰਗ-ਤਰੀਕੇ ਟੈਸਟ ਬੁਕਲਿਟ ਵਿੱਚ ਵਿਸਤਾਰਪੂਰਵਕ ਦਿੱਤੇ ਗਏ ਹਨ। ਅਮਲੀ ਰੂਪ ਵਿੱਚ ਪ੍ਰਸ਼ਨਾਂ ਦੇ ਉੱਤਰ ਦੇਣ ਤੋਂ ਪਹਿਲਾਂ ਇਨ੍ਹਾਂ ਨੂੰ ਧਿਆਨ ਨਾਲ ਪੜ੍ਹੋ।
2. ਹਰੇਕ ਪ੍ਰਸ਼ਨ ਲਈ ਦਿੱਤੇ ਗਏ ਚਾਰ ਵਿਕਲਪਾਂ ਵਿੱਚੋਂ ਸਹੀ ਉੱਤਰ ਲਈ ਓ.ਐੱਮ.ਆਰ. (OMR) ਉੱਤਰ-ਪੱਤਰ ਦੇ ਪੰਨਾ-2 ਵਿੱਚ ਇੱਕ ਗੋਲੇ ਨੂੰ ਹੀ ਪੂਰੀ ਤਰ੍ਹਾਂ **ਕਾਲਾ/ਨੀਲੇ ਬਾਲ ਪੁਆਇੰਟ ਪੈੱਨ** ਨਾਲ ਭਰੋ। ਇੱਕ ਵਾਰ ਉੱਤਰ ਭਰਨ ਤੋਂ ਬਾਅਦ ਉਸਨੂੰ ਬਦਲਿਆ ਨਹੀਂ ਜਾ ਸਕਦਾ।
3. ਪਰੀਖਿਆਰਥੀ ਇਸ ਗੱਲ ਦਾ ਧਿਆਨ ਦੇਣ ਕਿ ਉੱਤਰ-ਪੱਤਰ ਨੂੰ ਨਾ ਮੋੜਿਆ ਜਾਵੇ ਅਤੇ ਨਾ ਹੀ ਉਸ ਉਪਰ ਕੋਈ ਨਿਸ਼ਾਨ ਲਗਾਇਆ ਜਾਵੇ। ਪਰੀਖਿਆਰਥੀ ਆਪਣਾ ਰੋਲ ਨੰਬਰ ਉੱਤਰ-ਪੱਤਰ ਵਿੱਚ ਨਿਰਧਾਰਿਤ ਥਾਂ ਤੋਂ ਇਲਾਵਾ ਕਿਤੇ ਨਾ ਲਿਖਣ।
4. ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦੀ ਵਰਤੋਂ ਧਿਆਨ ਨਾਲ ਕਰੋ ਕਿਉਂਕਿ ਕਿਸੀ ਵੀ ਪਰਿਸਥਿਤੀ ਵਿੱਚ (ਕੇਵਲ ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦੇ ਕੋਡ ਅਤੇ ਨੰਬਰ ਵਿੱਚ ਫ਼ਰਕ ਹੋਣ ਦੀ ਸਥਿਤੀ ਵਿੱਚ) ਦੂਜੀ ਪਰੀਖਿਆ-ਪੁਸਤਿਕਾ ਨਹੀਂ ਦਿੱਤੀ ਜਾਵੇਗੀ।
5. ਪਰੀਖਿਆ-ਪੁਸਤਿਕਾ/ਉੱਤਰ-ਪੱਤਰ ਵਿੱਚ ਦਿੱਤੇ ਗਏ ਪਰੀਖਿਆ ਪੁਸਤਿਕਾ-ਸੰਕੇਤ ਅਤੇ ਨੰਬਰ ਨੂੰ ਪਰੀਖਿਆਰਥੀ ਸਹੀ ਤਰੀਕੇ ਨਾਲ ਹਾਜ਼ਰੀ-ਪੱਤਰ (Attendance Sheet) ਵਿੱਚ ਲਿਖਣ।
6. ਮਸ਼ੀਨ OMR ਸ਼ੀਟ ਵਿੱਚ ਦਿੱਤੀ ਗਈ ਸੂਚਨਾ ਦੇ ਕੋਡਾਂ ਨੂੰ ਪੜ੍ਹੇਗੀ। ਇਸ ਲਈ ਕੋਈ ਜਾਣਕਾਰੀ ਅਧੂਰੀ ਨਹੀਂ ਰਹਿਣੀ ਚਾਹੀਦੀ। ਇਹ ਐਡਮਿਟ ਕਾਰਡ (ਦਾਖ਼ਲਾ ਕਾਰਡ) ਵਿੱਚ ਦਿੱਤੀ ਗਈ ਸੂਚਨਾ ਤੋਂ ਭਿੰਨ ਨਹੀਂ ਹੋਣੀ ਚਾਹੀਦੀ ।
7. ਪਰੀਖਿਆਰਥੀ ਦੁਆਰਾ ਪਰੀਖਿਆ ਹਾਲ/ਕਮਰੇ ਵਿੱਚ ਪ੍ਰਵੇਸ਼ ਕਾਰਡ ਤੋਂ ਇਲਾਵਾ ਕਿਸੇ ਪ੍ਰਕਾਰ ਦੀ ਪਾਠ-ਸਮੱਗਰੀ, ਪ੍ਰਿੰਟਿਡ ਜਾਂ ਹੱਥ ਲਿਖਤ, ਕਾਗਜ਼ ਦੀਆਂ ਪਰਚੀਆਂ, ਪੇਜਰ, ਮੋਬਾਇਲ ਫੋਨ, ਇਲੈਕਟ੍ਰਾਨਿਕ ਯੰਤਰ ਜਾਂ ਕਿਸੀ ਹੋਰ ਪ੍ਰਕਾਰ ਦੀ ਸਮੱਗਰੀ ਨੂੰ ਲਿਜਾਣ ਦੀ ਜਾਂ ਵਰਤਣ ਦੀ ਇਜਾਜ਼ਤ ਨਹੀਂ ਹੈ।
8. ਮੋਬਾਈਲ ਫ਼ੋਨ, ਬਿਨਾ ਤਾਰ ਵਾਲੇ ਸੰਚਾਰ ਜੰਤਰ ਇਥੋਂ ਤਕ ਕਿ ਬੰਦ ਹਾਲਤ ਵਿਚ ਵੀ ਤੇ ਹੋਰ ਪਾਬੰਦੀਸ਼ੁਦਾ ਵਸਤਾਂ ਪ੍ਰੀਖਿਆ ਕੇਂਦਰ ਜਾਂ ਕਮਰਿਆਂ ਵਿਚ ਨਹੀਂ ਲਿਆਉਣੀਆਂ ਚਾਹੀਦੀਆਂ। ਇਸ ਨਿਰਦਸ਼ ਦਾ ਪਾਲਣ ਨਾ ਕਰਨ ਦੀ ਸੂਰਤ ਵਿੱਚ ਇਸ ਨੂੰ ਇਮਿਤਿਹਾਨ ਵਿੱਚ ਗੈਰ ਕਾਨੂੰਨੀ ਸਾਧਨਾਂ ਦੀ ਵਰਤੋਂ ਮੰਨਿਆ ਜਾਵੇਗਾ ਤੇ ਪ੍ਰੀਖਿਆ ਰੱਦ ਕਰਨ ਸਮੇਤ ਸੰਬੰਧਤ ਉਮੀਦਵਾਰ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ।
9. ਨਿਰੀਖਿਅਕ ਦੀ ਮੰਗ 'ਤੇ ਹਰੇਕ ਪਰੀਖਿਆਰਥੀ ਆਪਣਾ ਪ੍ਰਵੇਸ਼-ਕਾਰਡ ਜ਼ਰੂਰ ਦਿਖਾਏ।
10. ਕੇਂਦਰ ਸੁਪਰਿਨਟੈਂਡੈਂਟ ਜਾਂ ਨਿਰੀਖਿਅਕ ਦੀ ਖਾਸ ਇਜਾਜ਼ਤ ਤੋਂ ਬਿਨਾਂ ਪਰੀਖਿਆਰਥੀ ਆਪਣੀ ਸੀਟ ਨਾ ਛੱਡੇ।
11. ਨਿਰੀਖਿਅਕ ਨੂੰ ਆਪਣਾ ਉੱਤਰ-ਪੱਤਰ ਦਿੱਤੇ ਬਿਨਾਂ ਅਤੇ ਹਾਜ਼ਰੀ-ਪੱਤਰ ਉੱਤੇ ਦੁਬਾਰਾ ਦਸਤਖ਼ਤ ਕੀਤੇ ਬਿਨਾਂ ਪਰੀਖਿਆਰਥੀ, ਪਰੀਖਿਆ ਹਾਲ ਨੂੰ ਨਹੀਂ ਛੱਡਣਗੇ । ਜੇਕਰ ਕਿਸੇ ਪਰੀਖਿਆਰਥੀ ਨੇ ਦੂਜੀ ਵਾਰ ਹਾਜ਼ਰੀ-ਪੱਤਰ ਉੱਤੇ ਦਸਤਖ਼ਤ ਨਹੀਂ ਕੀਤੇ ਤਾਂ ਇਹ ਸਮਝਿਆ ਜਾਵੇਗਾ ਕਿ ਉਸਨੇ ਉੱਤਰ-ਪੱਤਰ ਜਮ੍ਹਾਂ ਨਹੀਂ ਕਰਾਇਆ ਅਤੇ ਇਹ ਅਨੁਚਿਤ ਸਾਧਨ ਦਾ ਮਾਮਲਾ ਮੰਨਿਆ ਜਾਵੇਗਾ। **ਪਰੀਖਿਆਰਥੀ ਆਪਣੇ ਖੱਬੇ ਹੱਥ ਦੇ ਅੰਗੂਠੇ ਦੇ ਨਿਸ਼ਾਨ ਨੂੰ ਹਾਜ਼ਰੀ-ਪੱਤਰ ਵਿੱਚ ਦਿੱਤੇ ਗਏ ਸਥਾਨ ਦੇ ਜ਼ਰੂਰ ਲਗਾਉਣ।**
12. ਇਲੈਕਟ੍ਰਾਨਿਕ/ਹੱਥ ਨਾਲ ਚੱਲਣ ਵਾਲੇ ਕੈਲਕੂਲੇਟਰ (Calculator) ਦਾ ਇਸਤੇਮਾਲ ਵਰਜਿਤ ਹੈ।
13. ਪਰੀਖਿਆਰਥੀ ਪਰੀਖਿਆ ਹਾਲ ਵਿੱਚ ਬੋਰਡ ਦੇ ਸਾਰੇ ਨਿਯਮਾਂ, ਕਾਨੂੰਨਾਂ ਦੀ ਪਾਲਣਾ ਕਰੇਗਾ । ਅਨੁਚਿਤ ਸਾਧਨਾਂ ਦੇ ਸਾਰੇ ਮਾਮਲਿਆਂ ਲਈ ਫੈਸਲਾ ਬੋਰਡ ਦੇ ਨਿਯਮਾਂ ਕਾਨੂੰਨਾਂ ਅਨੁਸਾਰ ਹੋਵੇਗਾ।
14. ਕਿਸੇ ਵੀ ਸਥਿਤੀ ਵਿੱਚ ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦਾ ਕੋਈ ਭਾਗ ਅਲਗ ਨਾ ਕਰੋ।
15. **ਪਰੀਖਿਆ ਖ਼ਤਮ ਹੋਣ 'ਤੇ, ਪਰੀਖਿਆਰਥੀ ਹਾਲ/ਕਮਰਾ ਛੱਡਣ ਤੋਂ ਪਹਿਲਾਂ ਆਪਣਾ ਉੱਤਰ-ਪੱਤਰ ਆਪਣੇ ਕਮਰੇ ਦੇ ਨਿਰੀਖਿਅਕ ਨੂੰ ਸੌਂਪੇਗਾ। ਪਰੀਖਿਆਰਥੀ ਇਸ ਪਰੀਖਿਆ-ਪੁਸਤਿਕਾ ਨੂੰ ਆਪਣੇ ਨਾਲ ਲਿਜਾ ਸਕਦੇ ਹਨ।**

## निम्नलिखित निर्देशों को ध्यान से पढ़ें :

1. जिस प्रकार से विभिन्न प्रश्नों के उत्तर दिए जाने हैं उसका वर्णन परीक्षा पुस्तिका में किया गया है, जिसे आप प्रश्नों का उत्तर देने से पहले ध्यान से पढ़ लें।
2. प्रत्येक प्रश्न के लिए दिए गए चार विकल्पों में से सही उत्तर के लिए OMR उत्तर पत्र के **पृष्ठ-2** पर केवल एक वृत्त को ही पूरी तरह **नीले/काले बॉल पॉइन्ट पेन** से भरें। एक बार उत्तर अंकित करने के बाद उसे बदला नहीं जा सकता है।
3. परीक्षार्थी सुनिश्चित करें कि इस OMR उत्तर पत्र को मोड़ा न जाए एवं उस पर कोई अन्य निशान न लगाएँ। परीक्षार्थी अपना अनुक्रमांक OMR उत्तर-पत्र में निर्धारित स्थान के अतिरिक्त अन्यत्र न लिखें।
4. परीक्षा पुस्तिका एवं OMR उत्तर पत्र का ध्यानपूर्वक प्रयोग करें, क्योंकि किसी भी परिस्थिति में (केवल परीक्षा पुस्तिका एवं OMR उत्तर पत्र के कोड या संख्या में भिन्नता की स्थिति को छोड़कर) दूसरी परीक्षा पुस्तिका उपलब्ध नहीं करायी जाएगी।
5. परीक्षा पुस्तिका/OMR उत्तर पत्र में दिए गए परीक्षा पुस्तिका कोड व संख्या को परीक्षार्थी सही तरीके से उपस्थिति-पत्र में लिखें।
6. OMR उत्तर पत्र में कोडित जानकारी को एक मशीन पढ़ेगी। इसलिए कोई भी सूचना अधूरी न छोड़ें और यह प्रवेश-पत्र में दी गई सूचना से भिन्न नहीं होनी चाहिए।
7. परीक्षार्थी द्वारा परीक्षा हॉल/कक्ष में प्रवेश-पत्र के सिवाय किसी प्रकार की पाठ्य-सामग्री, मुद्रित या हस्तलिखित, कागज़ की पर्चियाँ, पेजर, मोबाइल फोन, इलेक्ट्रॉनिक उपकरण या किसी अन्य प्रकार की सामग्री को ले जाने या उपयोग करने की अनुमति नहीं है।
8. मोबाइल फोन, बेतार संचार युक्तियाँ (स्विच ऑफ अवस्था में भी) और अन्य प्रतिबंधित वस्तुएँ परीक्षा हॉल/कक्ष में नहीं लाई जानी चाहिए। इस सूचना का पालन न होने पर इसे परीक्षा में अनुचित साधनों का प्रयोग माना जाएगा और परीक्षार्थी के विरुद्ध कार्यवाही की जाएगी, परीक्षा रद्द करने सहित।
9. पूछे जाने पर प्रत्येक परीक्षार्थी, निरीक्षक को अपना प्रवेश-पत्र दिखाएँ।
10. केन्द्र अधीक्षक या निरीक्षक की विशेष अनुमति के बिना कोई परीक्षार्थी अपना स्थान न छोड़ें।
11. कार्यरत निरीक्षक को अपना OMR उत्तर पत्र दिए बिना एवं उपस्थिति-पत्र पर दुबारा हस्ताक्षर किए बिना परीक्षार्थी परीक्षा हॉल/कक्ष नहीं छोड़ेंगे। यदि किसी परीक्षार्थी ने दूसरी बार उपस्थिति-पत्र पर हस्ताक्षर नहीं किए, तो यह माना जाएगा कि उसने OMR उत्तर पत्र नहीं लौटाया है और यह अनुचित साधन का मामला माना जाएगा। **परीक्षार्थी अपने बाएँ हाथ के अंगूठे का निशान उपस्थिति-पत्र में दिए गए स्थान पर अवश्य लगाएँ।**
12. इलेक्ट्रॉनिक/हस्तचालित परिकलक का उपयोग वर्जित है।
13. परीक्षा हॉल/कक्ष में आचरण के लिए परीक्षार्थी परीक्षण संस्था के सभी नियमों एवं विनियमों द्वारा नियमित हैं। अनुचित साधनों के सभी मामलों का फैसला परीक्षण संस्था के नियमों एवं विनियमों के अनुसार होगा।
14. किसी भी परिस्थिति में परीक्षा पुस्तिका और OMR उत्तर पत्र का कोई भाग अलग न करें।
15. **परीक्षा सम्पन्न होने पर, परीक्षार्थी हॉल/कक्ष छोड़ने से पूर्व OMR उत्तर पत्र निरीक्षक को अवश्य सौंप दें।** ***परीक्षार्थी अपने साथ इस परीक्षा पुस्तिका को ले जा सकते हैं।***

## READ THE FOLLOWING INSTRUCTIONS CAREFULLY :

1. The manner in which the different questions are to be answered has been explained in the Test Booklet which you should read carefully before actually answering the questions.
2. Out of the four alternatives for each question, only one circle for the correct answer is to be darkened completely with **Blue / Black Ball Point Pen** on **Side-2** of the OMR Answer Sheet. The answer once marked is not liable to be changed.
3. The candidates should ensure that the OMR Answer Sheet is not folded. Do not make any stray marks on the OMR Answer Sheet. Do not write your Roll No. anywhere else except in the specified space in the OMR Answer Sheet.
4. Handle the Test Booklet and OMR Answer Sheet with care, as under no circumstances (except for discrepancy in Test Booklet Code or Number and OMR Answer Sheet Code or Number), another set will be provided.
5. The candidates will write the correct Test Booklet Code and Number as given in the Test Booklet/OMR Answer Sheet in the Attendance Sheet.
6. A machine will read the coded information in the OMR Answer Sheet. Hence, no information should be left incomplete and it should not be different from the information given in the Admit Card.
7. Candidates are not allowed to carry any textual material, printed or written, bits of papers, pager, mobile phone, electronic device or any other material except the Admit Card inside the examination hall/room.
8. Mobile phones, wireless communication devices (even in switched off mode) and the other banned items should not be brought in the examination halls/rooms. Failing to comply with this instruction, it will be considered as using unfair means in the examination and action will be taken against the candidate including cancellation of examination.
9. Each candidate must show on demand his/her Admit Card to the Invigilator.
10. No candidate, without special permission of the Centre Superintendent or Invigilator, should leave his/her seat.
11. The candidates should not leave the Examination Hall/Room without handing over their OMR Answer Sheet to the Invigilator on duty and sign the Attendance Sheet twice. Cases where candidate has not signed the Attendance Sheet second time will be deemed not to have handed over the OMR Answer Sheet and dealt with as an unfair means case. **The candidates are also required to put their left hand THUMB impression in the space provided in the Attendance Sheet.**
12. Use of Electronic/Manual Calculator is prohibited.
13. The candidates are governed by all Rules and Regulations of the Examining Body with regard to their conduct in the Examination Hall/Room. All cases of unfair means will be dealt with as per Rules and Regulations of the Examining Body.
14. No part of the Test Booklet and OMR Answer Sheet shall be detached under any circumstances.
15. **On completion of the test, the candidate must hand over the OMR Answer Sheet to the Invigilator in the Hall / Room.** ***The candidates are allowed to take away this Test Booklet with them.***